59

# ਮਸੀਹੀਅਤ ਜਦ ਜੇਬ ’ਤੇ ਹਮਲਾ ਕਰਦੀ ਹੈ

## (19:10, 20-41; 20:1)

ਇਕ ਪ੍ਰਚਾਰਕ ਮੰਡਲੀ ਨੂੰ ਹੱਲਾਸ਼ੇਰੀ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹਨੇ ਕਿਹਾ, ‘‘ਭਾਈਓ, ਜਦੋਂ ਤੋਂ ਇਹ ਕਲੀਸੀਆ ਸ਼ੁਰੂ ਹੋਈ ਹੈ, ਅਸੀਂ ਬਹੁਤ ਲੰਮਾ ਪੈਂਡਾ ਕੀਤਾ ਹੈ। ਸ਼ੁਰੂ ’ਚ ਅਸੀਂ ਸਿਰਫ਼ ਰਿੜ੍ਹ ਹੀ ਸਕਦੇ ਸਾਂ, ਪਰ ਹੁਣ ਚੱਲ ਸਕਦੇ ਹਾਂ।’’ ਭੀੜ ਵਿੱਚੋਂ ਇਕ ਅਵਾਜ਼ ਆਈ, ‘‘ਚੱਲਣ ਦਿਓ, ਬ੍ਰਦਰ; ਚੱਲਣ ਦਿਓ!’’ ਪ੍ਰਚਾਰਕ ਨੂੰ ਜੋਸ਼ ਆ ਗਿਆ। ‘‘ਜੇ ਅਸੀਂ ਆਪਣੇ ਆਪ ਨੂੰ ਸਮਰਪਤ ਕਰ ਦਈਏ, ਤਾਂ ਮੈਨੂੰ ਯਕੀਨ ਹੈ ਕਿ ਅਸੀਂ ਦੌੜ ਸਕਦੇ ਹਾਂ।’’ ਅਵਾਜ਼ ਆਈ, ‘‘ਦੌੜਨ ਦਿਓ, ਬ੍ਰਦਰ; ਇਸ ਨੂੰ ਦੌੜਨ ਦਿਓ।’’ ਪ੍ਰਚਾਰਕ ਨੂੰ ਹੋਰ ਜੋਸ਼ ਆ ਗਿਆ। ‘‘ਮੈਨੂੰ ਐਨਾ ਵੀ ਯਕੀਨ ਹੈ ਕਿ ਜੇ ਅਸੀਂ ਧਾਰ ਲਈਏ ਤਾਂ ਅਸੀਂ ਪ੍ਰਭੂ ਲਈ *ਉੱਡ* ਸਕਦੇ ਹਾਂ। ਯਕੀਨਨ ਹੀ ਇਹਦਾ ਮਤਲਬ ਇਹ ਹੋਵੇਗਾ ਕਿ ਅਸੀਂ ਜਿੰਨਾ ਚੰਦਾ ਹੁਣ ਦੇ ਰਹੇ ਹਾਂ ਉਸ ਤੋਂ ਦੁਗਣਾ ਦੇਣ ਲੱਗ ਪਈਏ!’’ ਪਿੱਛਿਓਂ ਅਵਾਜ਼ ਆਈ, ‘‘ਚੱਲਣ ਦਿਓ, ਬ੍ਰਦਰ; ਇਸ ਨੂੰ ਚੱਲਣ ਹੀ ਦਿਓ।’’

ਕਹਿੰਦੇ ਹਨ ਕਿ ਬਟੂਆ ਇਨਸਾਨ ਦਾ ਸਭ ਤੋਂ ਨਾਜ਼ੁਕ ਹਿੱਸਾ ਹੈ। ਮੈਂ ਕਦੇ ਕਿਸੇ ਨੂੰ ਇਹ ਕਹਿੰਦੇ ਨਹੀਂ ਸੁਣਿਆ ਕਿ ‘‘ਮੈਂ ਬੜਾ ਪਰੇਸ਼ਾਨ ਹੋ ਗਿਆ। ਕਿਸੇ ਨੂੰ ਬੰਦਗੀ ਵਿਚ ਲਿਆਇਆ ਸਾਂ, ਅਤੇ ਪ੍ਰਚਾਰਕ ਨੇ ਇੰਜੀਲ [ਜਾਂ ਕਲੀਸੀਆ, ਜਾਂ ਪ੍ਰੇਮ ਜਾਂ ਬਪਤਿਸਮੇ] ਤੇ ਹੀ ਸੰਦੇਸ਼ ਦੇ ਦਿੱਤਾ।’’ ਪਰ ਮੈਂ ਕੁਝ ਲੋਕਾਂ ਨੂੰ ਇਹ ਸ਼ਿਕਾਇਤ ਕਰਦੇ ਜ਼ਰੂਰ ਸੁਣਿਆ ਹੈ ਕਿ ‘‘ਮੈਂ ਆਪਣੇ ਦੋਸਤ ਨੂੰ ਆਪਣੇ ਨਾਲ ਲੈ ਕੇ ਆ ਤਾਂ ਗਿਆ, ਪਰ ਪਤਾ ਹੈ? ਪ੍ਰਚਾਰਕ ਨੇ *ਚੰਦੇ* ਉੱਤੇ ਹੀ ਸੂਈ ਰੱਖੀ। ਐਨਾ ਪਰੇਸ਼ਾਨ ਮੈਂ ਜ਼ਿੰਦਗੀ ’ਚ ਕਦੇ ਨਹੀਂ ਹੋਇਆ ਸਾਂ!’’

ਜੇਬ ’ਤੇ ਹਮਲਾ ਹੋਣ ਤੋਂ ਕਲੀਸੀਆ ਦੇ ਲੋਕ ਹੀ ਨਹੀਂ ਕਤਰਾਉਂਦੇ। ਇਸ ਪਾਠ ਵਿਚ ਅਸੀਂ ਵੇਖਾਂਗੇ ਕਿ ਮਸੀਹੀਅਤ ਵੱਲੋਂ ਕੁਝ ਬੁੱਤਪ੍ਰਸਤਾਂ ਦੇ ਧਨ ਦੇ ਥੈਲਿਆਂ ਵਿਚ ਛੇਕ ਕਰਨ ਤੇ ਉਨ੍ਹਾਂ ਦੀ ਕੀ ਪ੍ਰਤੀਕ੍ਰਿਆ ਸੀ। ਪ੍ਰਭੂ ਦੀ ਸੇਵਾ ਲਈ ਆਪਣੇ ਮਕਸਦਾਂ ਬਾਰੇ ਵੀ ਅਸੀਂ ਆਪਣੇ ਅੰਦਰ ਝਾਤੀ ਮਾਰਾਂਗੇ, ਪਰ ਪਹਿਲਾਂ ਅਫ਼ਸੁਸ ਵਿਚ ਪੌਲੁਸ ਦੇ ਕੰਮ ਨੂੰ ਸਮੇਟ ਲਈਏ।

### ਖੁੱਲ੍ਹੇ ਦਰਵਾਜ਼ੇ ਅਤੇ ਵਿਰੋਧ ਕਰਨ ਵਾਲੇ (19:10, 20-22)

ਰਸੂਲਾਂ ਦੇ ਕੰਮ 19 ਅਧਿਆਇ ਵਿਚ ਅਫ਼ਸੁਸ ਵਿਚ ਕੀਤੇ ਪੌਲੁਸ ਦੇ ਕੰਮ ਦੀਆਂ ਮੁੱਖ

ਗੱਲਾਂ ਹੀ ਦੱਸੀਆਂ ਗਈਆਂ ਹਨ। ਸਾਨੂੰ ਉਹਦੇ ਉੱਥੇ ਤਿੰਨ ਸਾਲ ਤਕ ਰਹਿਣ ਵੇਲੇ ਮਿਲੀਆਂ ਜਿੱਤਾਂ ਅਤੇ ਮੁਸ਼ਕਿਲਾਂ ਬਾਰੇ ਹੋਰ ਡੂੰਘੀਆਂ ਗੱਲਾਂ ਦਾ ਦੂਜੇ ਵਸੀਲਿਆਂ ਤੋਂ ਪਤਾ ਲਗਦਾ ਹੈ। ਅਫ਼ਸੁਸ ਵਿਚ ਰਹਿੰਦਿਆਂ ਉਹਨੇ ਲਿਖਿਆ, ''ਕਿਉਂ ਜੋ ਇਕ ਵੱਡਾ ਅਤੇ ਕੰਮ ਕੱਢਣ ਵਾਲਾ ਦਰਵਾਜ਼ਾ ਮੇਰੇ ਲਈ ਖੁੱਲ੍ਹਿਆ ਹੈ ਅਤੇ ਵਿਰੋਧੀ ਬਹੁਤ ਹਨ'' (1 ਕੁਰਿੰਥੀਆਂ 16:9)।

ਲਿਖਤ ਵਿਚ ''ਦਰਵਾਜ਼ਾ ਖੁੱਲ੍ਹਿਆ'' ਸ਼ਬਦ ਨੂੰ ਮੌਕਾ ਹੱਥ ਲੱਗਣ, ਖ਼ਾਸ ਕਰਕੇ ਇੰਜੀਲ ਦੇ ਪ੍ਰਚਾਰ ਦੇ ਮੌਕੇ ਦੀ ਵਰਤੋਂ ਲਈ ਕੀਤਾ ਗਿਆ ਹੈ (2 ਕੁਰਿੰਥੀਆਂ 2:12; ਕੁਲੁੱਸੀਆਂ 4:3)। ਪੌਲੁਸ ਨੇ ਪ੍ਰਚਾਰ ਕਰਨ ਦੇ ਮੌਕਿਆਂ ਦੇ ਦਰਵਾਜ਼ੇ ਤੇ (ਭਾਵ ਮੌਕੇ ਮਿਲਣ ਤੇ) ਚਹਿਲ ਕਦਮੀ ਨਹੀਂ ਕੀਤੀ, ਬਲਕਿ ਉਹ ਇਸ ਵਿੱਚੋਂ ਦੀ ਨਿੱਕਲ ਗਿਆ। ਅਖ਼ੀਰ ਅਫ਼ਸੁਸ ਤੋਂ ਉਹਦੇ ਕੂਚ ਕਰਨ ਵੇਲੇ ਉੱਥੇ ਇਕ ਮਜ਼ਬੂਤ ਮੰਡਲੀ ਸੀ ਜਿਸ ਵਿਚ ਦਹਾਕਿਆਂ ਤਕ ਉਹਦੀ ਸ਼ਕਤੀ ਬਣੇ ਰਹਿਣ ਵਾਲੇ ਐਲਡਰ ਸਨ (ਰਸੂਲਾਂ ਦੇ ਕੰਮ 20:17)। ਫਿਰ ਪੌਲੁਸ ਅਤੇ ਉਹਦੇ ਸਾਥੀਆਂ ਦੀਆਂ ਕੋਸ਼ਿਸ਼ਾਂ ਨਾਲ ''ਜੋ ਅਸੀਆ ਦੇ ਵਾਸੀ ਕੀ ਯਹੂਦੀ ਕੀ ਯੂਨਾਨੀ ਸਭਨਾਂ ਨੇ ਪ੍ਰਮੇਸ਼ਵਰ ਦਾ ਵਚਨ ਸੁਣਿਆ'' (ਆਇਤ 10ਅ)। ਤਿੰਨ ਸਾਲ ਤੋਂ ਵੀ ਘੱਟ ਵਕਤ ਵਿਚ ਉਨ੍ਹਾਂ ਨੇ ਦਸ ਜਾਂ ਇਸ ਤੋਂ ਵੱਧ ਮੰਡਲੀਆਂ ਕਾਇਮ ਕਰਕੇ[1] ਅਮਰੀਕਾ ਦੇ ਕੈਲੀਫ਼ੋਰਨੀਆ ਰਾਜ ਨਾਲੋਂ ਵੱਡੇ ਇਲਾਕੇ ਵਿਚ ਇੰਜੀਲ ਪਹੁੰਚਾ ਦਿੱਤੀ।[2]

ਉਸ ਵੇਲੇ ਪੌਲੁਸ ਨੂੰ ਇਕ ਖ਼ਾਸ ਮੌਕਾ ਮਿਲਿਆ ਸੀ ਕਿ ਪਹਿਲਾਂ ਕਾਇਮ ਹੋਈਆਂ ਮੰਡਲੀਆਂ ਨੂੰ ਉਤਸ਼ਾਹਿਤ ਕਰ ਸਕੇ।[3] ਉਦਾਹਰਣ ਲਈ, ਅਫ਼ਸੁਸ ਵਿਚ ਕੰਮ ਕਰਦਿਆਂ ਪੌਲੁਸ ਨੇ ਕੁਰਿੰਥੁਸ ਦੀ ਕਲੀਸੀਆ ਨੂੰ ਮਿਲਣ ਲਈ (1 ਕੁਰਿੰਥੀਆਂ 5:9[4]) ਏਜੀਅਨ ਸਾਗਰ ਪਾਰ ਕਰਕੇ (2 ਕੁਰਿੰਥੀਆਂ 12:14; 13:1[5]) ਵੀ ਉਨ੍ਹਾਂ ਨਾਲ ਸੰਪਰਕ ਬਣਾਈ ਰੱਖਿਆ।

ਪੌਲੁਸ ਨੇ ਸਿਰਫ਼ ਇਹੀ ਜ਼ਿਕਰ ਨਹੀਂ ਕੀਤਾ ਕਿ ਇਕ ''ਰਾਹ ਖੁੱਲ੍ਹਿਆ'' ਸੀ ਸਗੋਂ ਉਹਨੇ ਇਹ ਵੀ ਐਲਾਨ ਕੀਤਾ ਕਿ ''ਵਿਰੋਧੀ ਬਹੁਤ ਸਾਰੇ'' ਸਨ। ਬਾਅਦ ਵਿਚ ਅਫ਼ਸੁਸ ਵਿਚ ਬਿਤਾਏ ਆਪਣੇ ਦਿਨਾਂ ਦੀ ਗੱਲ ਕਰਦਿਆਂ ਪੌਲੁਸ ਨੇ ਦੱਸਿਆ ਕਿ ''ਮੈਂ ਬਹੁਤ ਅਧੀਨਗੀ ਨਾਲ ਹੰਝੂ ਵਹਾ ਵਹਾ ਕੇ ਉਨ੍ਹਾਂ ਪਰਤਾਵਿਆਂ ਵਿਚ ਜੋ ਯਹੂਦੀਆਂ ਦੇ ਘਾਤ ਲਾਉਣ ਤੋਂ ਮੇਰੇ ਉੱਤੇ ਆਣ ਪਏ ਪ੍ਰਭੂ ਦੀ ਸੇਵਾ ਕਰਦਾ ਸਾਂ'' (ਰਸੂਲਾਂ ਦੇ ਕੰਮ 20:19)। ਇਹਦੇ ਇਲਾਵਾ ਪੌਲੁਸ ਨੇ ਉਸ ਮੁਸੀਬਤ ਬਾਰੇ ਵੀ ਲਿਖਿਆ ''ਜਿਹੜੀ ਅਸੀਆ ਵਿਚ ਸਾਡੇ ਉੱਤੇ ਆਣ ਪਈ ਜੋ ਅਸੀਂ ਆਪਣੇ ਵਿਤੋਂ ਬਾਹਰ ਬੇਹੱਦ ਦੱਬੇ ਗਏ ਐਥੋਂ ਤੋੜੀ ਭਈ ਅਸੀਂ ਜੀਉਣ ਤੋਂ ਵੀ ਹੱਥਲ ਹੋ ਬੈਠੇ'' (2 ਕੁਰਿੰਥੀਆਂ 1:8)।[6] 2 ਕੁਰਿੰਥੀਆਂ 11:23-27 ਵਿਚ ਦਰਜ ਮੁਸੀਬਤਾਂ ਜਿਵੇਂ ਯਹੂਦੀਆਂ ਵੱਲੋਂ ਕੁੱਟਿਆ ਜਾਣਾ (ਆਇਤ 24) ਅਤੇ ਬੰਦੀ ਬਣਾਇਆ ਜਾਣਾ (ਆਇਤ 23) ਅਫ਼ਸੁਸ ਵਿਚ ਹੀ ਆਈਆਂ ਹੋਣਗੀਆਂ। ਪੌਲੁਸ ਨੇ ''ਅਫ਼ਸੁਸ ਵਿਚ ਦਰਿੰਦਿਆਂ ਨਾਲ''[7] (1 ਕੁਰਿੰਥੀਆਂ 15:32) ਲੜਾਈ ਦੀ ਗੱਲ ਕੀਤੀ ਅਤੇ ਕਿਹਾ ਕਿ ਅਕੂਲਾ ਅਤੇ ਪ੍ਰਿਸਕਿੱਲਾ ਨੇ ਉਹਦੇ ਲਈ ''ਆਪਣੀ ਹੀ ਧੌਣ ਡਾਹ ਦਿੱਤੀ'' (ਰੋਮੀਆਂ 16:3, 4)।[8] ਅਫ਼ਸੁਸ ਵਿਚ ਜਦ ਪੌਲੁਸ ਦੀ ਜਾਨ ਤੇ ਬਣ ਆਈ,[9] ਤਾਂ ਉਹਦੇ ਦੋਸਤਾਂ ਨੇ ਉਹਨੂੰ ਬਚਾਉਣ ਲਈ ਆਪਣੀ ਜਾਨ ਦਾਅ ਤੇ ਲਾ ਦਿੱਤੀ ਸੀ।

ਲੂਕਾ ਨੇ ਇਨ੍ਹਾਂ ਰੋਮਾਂਚਕਾਰੀ ਘਟਨਾਵਾਂ ਨੂੰ ਸਧਾਰਣ ਵਾਕਾਂਸ਼ ''ਇਹ ਗੱਲਾਂ'' (ਰਸੂਲਾਂ ਦੇ ਕੰਮ 19:21) ਕਹਿ ਕੇ ਛੋਟਾ ਕਰ ਦਿੱਤਾ। ਹੋ ਸਕਦਾ ਹੈ ਕਿ ਅਸੀਂ ਪੁੱਛਣਾ ਚਾਹੀਏ ਕਿ ''ਕਿਹੜੀਆਂ ਗੱਲਾਂ, ਲੂਕਾ? ਅਸੀਂ ਉਨ੍ਹਾਂ ਬਾਰੇ ਵੀ ਸੁਣਨਾ ਚਾਹੁੰਦੇ ਹਾਂ।'' ਵਿਸਤਾਰ ਤਾਂ ਸਾਨੂੰ

ਸਵਰਗ ਵਿਚ ਜਾਣ ਤੇ ਪੌਲੁਸ ਜਾਂ ਲੂਕਾ ਹੀ ਦੱਸ ਸਕਣਗੇ!

ਅਫ਼ਸੁਸ ਵਿਚ ਕੁਝ ਸਾਲ ਬਾਅਦ ਪੌਲੁਸ ਨੇ ਵੇਖਿਆ ਕਿ ਉੱਥੇ ਉਹਦਾ ਕੰਮ ਪੂਰਾ ਹੋ ਚੁੱਕਾ ਹੈ। ਇੰਜੀਲ ਪੂਰੇ ਇਲਾਕੇ ਵਿਚ ਫੈਲ ਚੁੱਕੀ ਸੀ। ਮਜ਼ਬੂਤ ਕਲੀਸੀਆਵਾਂ ਕਾਇਮ ਹੋ ਚੁਕੀਆਂ ਸਨ। ਲੋਕਾਂ ਨੂੰ ਸਿੱਖਿਅਤ ਕੀਤਾ ਜਾ ਚੁੱਕਿਆ ਸੀ। ਅਫ਼ਸੁਸ ਵਿਚ ਕੰਮ ਨੂੰ ਅੱਗੇ ਲਿਜਾਣ ਲਈ ਐਲਡਰ ਨਿਯੁਕਤ ਕੀਤੇ ਜਾ ਚੁੱਕੇ ਸਨ। ਇਸ ਲਈ ਪੌਲੁਸ ਯੋਜਨਾਵਾਂ ਬਣਾਉਣ ਲੱਗਾ, ''ਜਾਂ ਇਹ ਗੱਲਾਂ ਹੋ ਚੁੱਕੀਆਂ ਤਾਂ ਪੌਲੁਸ ਨੇ ਮਨ ਵਿਚ ਦਾਯਾ ਕੀਤਾ ਜੋ ਮਕਦੂਨੀਆ ਅਰ ਅਖਾਇਆ ਦੇ ਵਿੱਚੋਂ ਦੀ ਲੰਘ ਕੇ ਯਰੂਸ਼ਲਮ ਨੂੰ ਜਾਵੇ ਅਤੇ ਕਿਹਾ ਕਿ ਜਾਂ ਮੈਂ ਉੱਥੇ ਹੋ ਆਵਾਂ ਤਾਂ ਮੈਨੂੰ ਰੋਮ ਭੀ ਵੇਖਣਾ ਚਾਹੀਦਾ ਹੈ''[10] (ਆਇਤ 21)। ''ਮਨ ਵਿਚ ਧਾਰਿਆ'' ਤੋਂ ਭਾਵ ਇਹ ਹੋ ਸਕਦਾ ਹੈ ਕਿ ਪੌਲੁਸ ਨੇ ਜਿਹੜੀਆਂ ਯੋਜਨਾਵਾਂ ਬਣਾਈਆਂ ਸਨ ਉਨ੍ਹਾਂ ਪ੍ਰਤੀ ਉਹ ਸੰਜੀਦਾ ਸੀ ਜਾਂ ਇਹਦਾ ਮਤਲਬ ਇਹ ਹੋ ਸਕਦਾ ਹੈ ਕਿ ਯੋਜਨਾ ਬਣਾਉਣ ਵਿਚ ਪਵਿੱਤਰ ਆਤਮਾ ਦਾ ਯੋਗਦਾਨ ਸੀ।

19:21 ਮੁਤਾਬਕ ਪੌਲੁਸ ਦੀਆਂ ਯੋਜਨਾਵਾਂ ਦੇ ਤਿੰਨ ਪਹਿਲੂ ਸਨ: (1) ਉਹਨੇ ਯਰੂਸ਼ਲਮ ਜਾਣ ਦੀ ਯੋਜਨਾ ਬਣਾਈ। ਇਸ ਸਫ਼ਰ ਦਾ ਮਕਸਦ ਗ਼ੈਰ ਕੌਮ ਮਸੀਹੀਆਂ ਤੋਂ ਪਰੋਪਕਾਰ ਦੀ ਮਾਲੀ ਮਦਦ ਲੈ ਕੇ ਯਰੂਸ਼ਲਮ ਦੇ ਲੋੜਵੰਦ ਯਹੂਦੀ ਮਸੀਹੀਆਂ ਤਕ ਪਹੁੰਚਾਉਣੀ ਸੀ (ਰੋਮੀਆਂ 15:25, 26, 30, 31)। (2) ਯਰੂਸ਼ਲਮ ਜਾਣ ਤੋਂ ਪਹਿਲਾਂ, ਮਕਦੂਨੀਆ ਅਤੇ ਅਖਾਇਆ ਵਿਚ ਕਾਇਮ ਕੀਤੀਆਂ ਮੰਡਲੀਆਂ ਨੂੰ ਉਹਨੇ ਦੁਬਾਰਾ ਮਿਲਣਾ ਸੀ। ਪੌਲੁਸ ਕਲੀਸੀਆਵਾਂ ਨੂੰ ਹੱਲਾ ਸ਼ੇਰੀ ਦੇਣ ਲਈ ਉਨ੍ਹਾਂ ਨੂੰ ਮਿਲਣ ਦੇ ਇਲਾਵਾ,[11] ਯਰੂਸ਼ਲਮ ਲਈ ਪਰੋਪਕਾਰ ਦਾ ਫ਼ੰਡ ਪੂਰਾ ਕਰਨਾ ਚਾਹੁੰਦਾ ਸੀ (1 ਕੁਰਿੰਥੀਆਂ 16:1, 2; 2 ਕੁਰਿੰਥੀਆਂ 8:1-4; 9:1, 2; ਰੋਮੀਆਂ 15:26)। ਯਰੂਸ਼ਲਮ ਲਈ ਵਿਸ਼ੇਸ਼ ਚੰਦਾ ਲੈ ਕੇ, ਪੌਲੁਸ ਨੇ ਅੰਤਾਕੀਆ ਵਿਚ ਆਪਣੀ ''ਸਥਾਨਕ'' ਮੰਡਲੀ ਨੂੰ ਫੇਰ ਮਿਲਣਾ ਚਾਹਿਆ ਹੋਵੇਗਾ। ਫੇਰ (3) ਉਹਨੇ ਰੋਮੀ ਸਾਮਰਾਜ ਦੇ ਗੜ੍ਹ ਰੋਮ ਵਿਚ ਜਾਣ ਦੀ ਯੋਜਨਾ ਬਣਾਈ। ਇਹ ਪਹਿਲੀ ਵਾਰ ਹੈ ਕਿ ਅਸੀਂ ਇੱਥੇ ਪੌਲੁਸ ਦੀ ਰੋਮ ਜਾਣ ਦੀ ਇੱਛਾ ਬਾਰੇ ਪੜ੍ਹਦੇ ਹਾਂ, ਭਾਵੇਂ ਉਹਨੇ ਕਿਹਾ ਕਿ ਉਹ ''ਬਹੁਤ ਵਰ੍ਹਿਆਂ ਤੋਂ'' (ਰੋਮੀਆਂ 15:23) ਉੱਥੋਂ ਦੇ ਭਾਈਆਂ ਨੂੰ ਮਿਲਣਾ ਚਾਹ ਰਿਹਾ ਸੀ।[12] ਜ਼ਾਹਿਰ ਹੈ ਕਿ ਉਹਨੇ ਪੱਛਮ ਵਿਚ ਇੰਜੀਲ ਪਹੁੰਚਾਉਣ ਲਈ ਰੋਮ ਨੂੰ ਉਸੇ ਤਰ੍ਹਾਂ ਆਪਣਾ ਅਧਾਰ ਬਣਾਇਆ ਜਿਵੇਂ ਉਹਨੇ ਪੂਰਬ ਵਿਚ ਇੰਜੀਲ ਫੈਲਾਉਣ ਲਈ ਅੰਤਾਕੀਆ ਨੂੰ ਬਣਾਇਆ ਸੀ।[13] ਰਸੂਲਾਂ ਦੇ ਕੰਮ ਕਿਤਾਬ ਵਿਚ 19:21 ਇਕ ਮਹੱਤਵਪੂਰਣ ਆਇਤ ਹੈ; ਕਿਤਾਬ ਦੀ ਅੰਤਿਮ ਤੀਸਰੀ ਇਸ ਆਇਤ ਵਿਚ ਘਟਨਾਵਾਂ ਦੀ ਲੜੀ ਮਿਲਦੀ ਹੈ ਜੋ ਰੋਮ ਵਿਚ ਪੌਲੁਸ ਦੇ ਆਉਣ ਦੀ ਬੁਨਿਆਦ ਬਣੀ।

ਮੇਰਾ ਸੁਝਾਅ ਸੀ ਕਿ ਮਕਦੂਨੀਆ ਅਤੇ ਅਖਾਇਆ ਵਿਚ ਕਲੀਸੀਆਵਾਂ ਨੂੰ ਵੇਖਣ ਜਾਣ ਦਾ ਪੌਲੁਸ ਦਾ ਖ਼ਾਸ ਮਕਸਦ ਯਰੂਸ਼ਲਮ ਲਈ ਪਰੋਪਕਾਰੀ ਫ਼ੰਡ ਪੂਰਾ ਕਰਨਾ ਸੀ। ਕੁਰਿੰਥੁਸ ਤੋਂ ਇਕ ਵਫ਼ਦ (1 ਕੁਰਿੰਥੀਆਂ 16:17) ਮੰਡਲੀ ਵੱਲੋਂ ਇਕ ਚਿੱਠੀ ਲੈ ਕੇ ਆਇਆ। ਚਿੱਠੀ (1 ਕੁਰਿੰਥੀਆਂ 7:1) ਨਾਲ ਦੂਤਾਂ ਦੀ ਰਿਪੋਰਟ (1 ਕੁਰਿੰਥੀਆਂ 1:11; 5:1) ਤੋਂ ਪਤਾ ਲੱਗਾ ਕਿ ਕਲੀਸੀਆ ਵਿਚ ਸਿੱਖਿਆ ਦੀਆਂ ਅਤੇ ਵਿਹਾਰਕ ਮੁਸ਼ਕਿਲਾਂ ਹਨ।[14] ਦੁਖੀ ਹੋ ਕੇ (2 ਕੁਰਿੰਥੀਆਂ 2:4) ਪੌਲੁਸ ਨੇ ਸੋਸਥਨੇਸ ਨਾਮਕ[15] ਆਪਣੇ ਇਕ ਸਹਿਕਰਮੀ ਤੋਂ ਇਕ ਚਿੱਠੀ ਲਿਖਵਾਈ (1 ਕੁਰਿੰਥੀਆਂ 1:1, 2; 16:8, 9, 21[16]) ਜਿਸ ਨੂੰ ਅਸੀਂ

''1 ਕੁਰਿੰਥੀਆਂ'' ਆਖਦੇ ਹਾਂ। ਚਿੱਠੀ ਵਿਚ ਮੰਡਲੀ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਦੀ ਗੱਲ ਕੀਤੀ ਗਈ ਅਤੇ ਨੇੜ ਭਵਿੱਖ ਵਿਚ ਨਿੱਜੀ ਤੌਰ ਤੇ ਉੱਥੇ ਜਾਣ ਦਾ ਵਾਅਦਾ ਕੀਤਾ ਗਿਆ (1 ਕੁਰਿੰਥੀਆਂ 4:19; 16:3-7)।

ਪੌਲੁਸ ਨੇ ਕੁਰਿੰਥੀਆਂ ਨੂੰ ਇਹ ਚਿੱਠੀ ਜਵਾਨ ਪ੍ਰਚਾਰਕ ਤਿਮੋਥਿਉਸ ਦੇ ਹੱਥ ਭੇਜੀ (1 ਕੁਰਿੰਥੀਆਂ 4:17; 16:10)। ਲੂਕਾ ਨੇ ਲਿਖਿਆ ਕਿ ਹੁਣ ਤਕ ਪੌਲੁਸ ਨੇ ''ਉਨ੍ਹਾਂ ਵਿੱਚੋਂ ਜਿਹੜੇ ਉਹਦੀ ਟਹਿਲ ਕਰਦੇ ਸਨ ਦੋ ਜਣੇ ਅਰਥਾਤ ਤਿਮੋਥਿਉਸ ਅਤੇ ਇਰਸਤੁਸ ਨੂੰ ਮਕਦੂਨੀਆ ਵਿਚ ਭੇਜ'' ਦਿੱਤਾ (ਰਸੂਲਾਂ ਦੇ ਕੰਮ 19:22ੳ)। ਇਨ੍ਹਾਂ ਦੋਹਾਂ ਨੇ ਕੁਰਿੰਥੁਸ ਵਿਚ ਜਾਣ ਤੋਂ ਪਹਿਲਾਂ ਕੁਝ ਸ਼ੁਰੂਆਤੀ ਤਿਆਰੀ[17] ਕਰਨੀ ਹੋਵੇਗੀ।[18] ਥੋੜ੍ਹੀ ਦੇਰ ਬਾਅਦ ਪੌਲੁਸ ਨੇ ਕੁਰਿੰਥੁਸ ਵਿਚ ਤਿਮੋਥਿਉਸ ਦੇ ਕੰਮ ਨੂੰ ਪੂਰਾ ਕਰਨ ਲਈ ਇਕ ਹੋਰ ਜਵਾਨ ਪ੍ਰਚਾਰਕ ਤੀਤੁਸ ਨੂੰ ਭੇਜਿਆ[19] (2 ਕੁਰਿੰਥੀਆਂ 2:12, 13; 7:5-7; 8:6, 23)। ਇਸੇ ਦੌਰਾਨ ਪੌਲੁਸ ਉਨ੍ਹਾਂ ਖੁੱਲ੍ਹੇ ਦਰਵਾਜ਼ਿਆਂ ਦਾ ਜੋ ਖ਼ੁਦਾ ਨੇ ਉਹਨੂੰ ਦਿੱਤੇ ਸਨ, ਫ਼ਾਇਦਾ ਲੈਣ ਲਈ ''ਆਪ ਅਸੀਆ ਵਿਚ ਕੁਝ ਚਿਰ ਅਟਕਿਆ'' (ਆਇਤ 22ਅ)।

## ਸਫ਼ਲ ਪ੍ਰਚਾਰ ਅਤੇ ਨਾਖੁਸ਼ੀ (19:23-41)

ਅਸੀਂ ਅਫ਼ਸੁਸ ਵਿਚ ਪੌਲੁਸ ਦੀ ਸੇਵਕਾਈ ਦੀ ਇਕ ਵੱਡੀ ਘਟਨਾ ਭਾਵ ਉਸ ਆਖ਼ਰੀ ਘਟਨਾ ਵੱਲ ਆਉਂਦੇ ਹਾਂ ਜਿਸ ਕਰਕੇ ਪੌਲੁਸ ਨੂੰ ਛੇਤੀ ਜਾਣਾ ਪਿਆ ਸੀ।[20] ਇਹ ਘਟਨਾ ਸਾਫ਼ ਦਰਸਾਉਂਦੀ ਹੈ ਕਿ ਮਸੀਹੀਅਤ ਜਦ ਜੇਬ 'ਤੇ ਹਮਲਾ ਕਰਦੀ ਹੈ ਤਾਂ ਕੀ ਹੁੰਦਾ ਹੈ।

### ''ਡਾਇਨਾ,'' ਦੇਮੇਤ੍ਰਿਉਸ ਅਤੇ ਇਕ ਫ਼ਸਾਦ

ਆਇਤ 23 ਕਹਿੰਦੀ ਹੈ, ''ਉਸ ਸਮੇਂ[21] ਇਸ ਪਥ ਦੇ ਵਿਖੇ ਵੱਡਾ ਫ਼ਸਾਦ ਉੱਠਿਆ।''[22] ਇਹ ਫ਼ਸਾਦ ਦੇਮੇਤ੍ਰਿਉਸ[23] ਨਾਂਅ ਦੇ ਇਕ ਸੁਨਿਆਰੇ ਨੇ ਕਰਵਾਇਆ ਸੀ ਜੋ ਅਰਤਿਮਿਸ ਦੇ ਚਾਂਦੀ ਦੇ ਮੰਦਿਰ ਬਣਵਾ ਕੇ (ਆਇਤ 24) ਕਾਰੀਗਰਾਂ ਨੂੰ ਬਹੁਤ ਕੰਮ ਦੁਆਉਂਦਾ ਹੁੰਦਾ ਸੀ।[24]

KJV ਵਾਂਗ ਪੰਜਾਬੀ ਬਾਈਬਲ ਵਿਚ ਰੋਮੀ ਦੇਵੀ ਡਾਇਨਾ ਦੀ ਥਾਂ ਯੂਨਾਨੀ ਦੇਵੀ ਅਰਤਿਮਿਸ ਦਾ ਨਾਂਅ ਦਿੱਤਾ ਗਿਆ ਹੈ। ਰਸੂਲਾਂ ਦੇ ਕੰਮ ਵਿਚ ਕਿਤੇ ਹੋਰ ਇਹਦਾ ਗ਼ਲਤ ਅਸਰ ਨਹੀਂ ਜਾਂਦਾ (14:12), ਪਰ ਇੱਥੇ ਇਹਦਾ ਗ਼ਲਤ ਅਸਰ ਲਗ ਸਕਦਾ ਹੈ। ਡਾਇਨਾ ਇਕ ਕੁਆਰੀ ਦੇਵੀ ਸੀ, ਪਰ ਅਫ਼ਸੁਸ ਦੇ ਦੂਜੇ ਥਾਂਵਾਂ ਵਿਚ ਅਰਤਿਮਿਸ ਦੇਵੀ ਨੂੰ ਪੁਰਾਤਨ ਏਸ਼ੀਆ ਮਹਾਂਦੀਪ ਵਿਚ ਸੰਤਾਨ ਦੀ ਦੇਵੀ ਦੇ ਰੂਪ ਵਿਚ ਮੰਨਿਆ ਜਾਂਦਾ ਸੀ। ਇਸ ਕਰਕੇ ਡਾਇਨਾ ਨੂੰ ਤਾਂ ਇਕ ਸੋਹਣੀ ਸ਼ਿਕਾਰੀ ਮੁਟਿਆਰ ਦੇ ਰੂਪ ਵਿਚ ਹਿਰਣਾਂ ਅਤੇ ਕੁੱਤਿਆਂ ਨਾਲ ਘਿਰੇ ਪਰ ਅਰਤਿਮਿਸ ਨੂੰ ਇਕ ਮਾਂ ਦੇ ਰੂਪ ਵਿਚ, ਕਈ ਥਣਾਂ ਵਾਲੀ, ਜ਼ਿੰਦਗੀ ਦੇਣ ਅਤੇ ਉਸ ਨੂੰ ਬਣਾਈ ਰੱਖਣ ਵਾਲੀ ਦੇਵੀ ਦੇ ਰੂਪ ਵਿਚ ਵਿਖਾਇਆ ਜਾਂਦਾ ਹੈ।

ਅਰਤਿਮਿਸ ਨੂੰ ਦੁਨੀਆਂ ਭਰ 'ਚ ਦੇਵੀ ਮਾਂ ਦੇ ਰੂਪ ਵਿਚ ਪੂਜਿਆ ਜਾਂਦਾ ਸੀ (ਆਇਤ 27),[25] ਪਰ ਉਹਦੀ ਪੂਜਾ ਦਾ ਗੜ੍ਹ ਅਫ਼ਸੁਸ ਹੀ ਸੀ। ਅਫ਼ਸੁਸ ਦੇ ਲੋਕ ਇਸ ਦੇਵੀ ਨੂੰ ਖ਼ਾਸ ਤੌਰ ਤੇ ਆਪਣੀ ਮੰਨਦੇ ਸਨ; ਉਸ ਨੂੰ ''ਅਫ਼ਸੀਆਂ ਦੀ ਅਰਤਿਮਿਸ'' (ਆਇਤਾਂ 28, 34) ਕਿਹਾ ਜਾਂਦਾ ਸੀ। ਅਫ਼ਸੁਸ ਸ਼ਹਿਰ ਆਪਣੇ ਆਪ ਨੂੰ ''ਮਹਾਂ ਅਰਤਿਮਿਸ ... ਦਾ ਸੇਵਕ''

(ਆਇਤ 35) ਮੰਨਦਾ ਸੀ।

ਅਰਤਿਮਿਸ ਦੇ ਮੰਦਿਰ ਵਿਚ ਇਕ ਮੂਰਤੀ ਸੀ, ਜੋ ਦੰਦ ਕਥਾ ਮੁਤਾਬਕ, ''ਅਕਾਸ਼ ਦੀ ਵੱਲੋਂ ਗਿਰੀ ਹੋਈ'' (ਆਇਤ 35) ਸੀ। ਇਸ ਮੂਰਤੀ ਵਿਚ ਉਲਕਾ ਪੱਥਰ ਹੋ ਸਕਦਾ ਹੈ, ਜਿਸ ਨੂੰ ਭੋਲੇ ਲੋਕ ਅਰਤਿਮਿਸ ਨਾਲ ਮੇਲ ਖਾਂਦਾ ਮੰਨਦੇ ਸਨ।[26] ਦੁਨੀਆਂ ਦਾ ਸਭ ਤੋਂ ਵੱਡਾ ਸੰਗਮਰਮਰ ਦਾ ਮੰਦਰ[27] ਅਫ਼ਸੁਸ ਤੋਂ ਥੋੜ੍ਹਾ ਬਾਹਰ ਅਣਘੜੀ ਚੱਟਾਨ ਨੂੰ ਰੱਖਣ ਲਈ ਬਣਾਇਆ ਗਿਆ ਸੀ। ਇਹ ਮੰਦਰ ਜੋ ਦੁਨੀਆਂ ਦੇ ਸੱਤ ਅਜੂਬਿਆਂ ਵਿੱਚੋਂ ਇਕ ਸੀ, ਦੁਨੀਆਂ ਭਰ ਦੇ ਸੈਲਾਨੀਆਂ ਲਈ ਖਿੱਚ ਦਾ ਕਾਰਣ ਸੀ।

ਸਭ ਆਉਣ ਵਾਲਿਆਂ ਵਾਂਗ, ਮੰਦਰ ਨੂੰ ਵੇਖਣ ਆਉਣ ਵਾਲੇ ਮੁਸਾਫਰ ਯਾਦਗਾਰੀ ਨਿਸ਼ਾਨ ਖ਼ਰੀਦ ਲੈਂਦੇ ਸਨ। ਉਹ ਅੱਜ ਦੇ ਸੈਲਾਨੀਆਂ ਵਾਂਗ ਆਈਫ਼ਲ ਟਾਵਰ ਜਾਂ ਮਾਈਕਲੈਂਜਲੋ ਦੀ ਬਣਾਈ *ਦਾਊਦ* ਦੀ ਮੂਰਤੀ ਘਰ ਲੈ ਕੇ ਨਹੀਂ ਜਾਂਦੇ ਸਨ।[28] ਸਗੋਂ ਉਹ ਛੋਟੀਆਂ ਛੋਟੀਆਂ ਮੂਰਤਾਂ ਯਾਨੀ ''ਮਾਡਲ ਜੋ ਅਰਤਿਮਿਸ ਦੇਵੀ ਦੇ ਮੰਦਰ ਵਰਗੇ ਲਗਦੇ ਸਨ'' (ਆਇਤ 24) ਖ਼ਰੀਦ ਕੇ ਉਨ੍ਹਾਂ ਨੂੰ ਮੰਦਰ ਵਿਚ ਚੜ੍ਹਾਉਂਦੇ ਸਨ। ਮੂਰਤੀਆਂ ਨੂੰ ਘਰ ਲਿਜਾ ਕੇ ਉਨ੍ਹਾਂ ਦੇ ਅੰਧਵਿਸ਼ਵਾਸੀ ਮਨਾਂ ਨੂੰ ਲਗਦਾ ਸੀ ਕਿ ਉਹ ਘਰਾਂ ਵਿਚ ਅਰਤਿਮਿਸ ਨੂੰ ਹੀ ਲਿਜਾ ਰਹੇ ਹਨ।

ਤੁਸੀਂ ਕਲਪਨਾ ਕਰ ਹੀ ਸਕਦੇ ਹੋ ਕਿ ਚਾਂਦੀ ਦੀਆਂ ਇਹ ਮੂਰਤੀਆਂ ਬਣਾਉਣਾ ਇਕ ਲਾਹੇਵੰਦ ਕਾਰੋਬਾਰ ਸੀ। ਲੂਕਾ ਨੇ ਧਿਆਨ ਦਿੱਤਾ ਕਿ ਇਹ ਉੱਦਮ ''[ਸਥਾਨਕ] ਕਾਰੀਗਰਾਂ ਨੂੰ ਬਹੁਤ ਕੰਮ ਦੁਆਉਂਦਾ ਸੀ'' (ਆਇਤ 24ਅ)। ਪਰ ਪੌਲੁਸ ਦੇ ਪ੍ਰਚਾਰ ਨਾਲ ਉਨ੍ਹਾਂ ਦੀ ਵਿਕਰੀ ਘਟ ਗਈ। ਦੇਮੇਤ੍ਰਿਉਸ ਮੂਰਤੀਕਾਰ ਨੂੰ ਬੜਾ ਗੁੱਸਾ ਆਇਆ। ਉਹਨੇ ਇਲਾਕੇ ਦੇ ਸੁਨਿਆਰਿਆਂ ਕੋਲ ਜਾ ਕੇ ''ਉਸ ਕਿਰਤ ਦੇ ਹੋਰ ਕਾਰੀਗਰਾਂ ਨੂੰ ਇਕੱਠਿਆਂ'' ਕੀਤਾ (ਆਇਤ 25ੳ) ਅਤੇ ਉਨ੍ਹਾਂ ਨੂੰ ਖ਼ਬਰਦਾਰ ਕੀਤਾ:

> ਹੇ ਮਨੁੱਖੋ ਤੁਸੀਂ ਜਾਣਦੇ ਹੋ ਭਈ ਇਸੇ ਕੰਮ ਤੋਂ ਸਾਨੂੰ ਧਨ ਪ੍ਰਾਪਤ ਹੁੰਦਾ ਹੈ। ਅਰ ਤੁਸੀਂ ਤਾਂ ਵੇਖਦੇ ਅਰ ਸੁਣਦੇ ਹੋ ਜੋ ਇਸ ਪੌਲੁਸ ਨੇ ਇਹ ਕਹਿ ਕੇ ਭਈ ਜਿਹੜੇ ਹੱਥਾਂ ਨਾਲ ਬਣਾਏ ਹੋਏ ਹਨ, ਉਹ ਦਿਓਤੇ ਨਹੀਂ ਹੁੰਦੇ, ਨਿਰਾ ਅਫ਼ਸੁਸ ਵਿਚ ਹੀ ਨਹੀਂ ਸਗੋਂ ਸਾਰੇ ਕੁ ਅਸੀਆ ਵਿਚ[29] ਬਹੁਤ ਸਾਰਿਆਂ ਲੋਕਾਂ ਨੂੰ ਸਮਝਾ ਸਮਝੂ ਕੇ ਬਹਿਕਾ ਦਿੱਤਾ ਹੈ (ਆਇਤਾਂ 25ਅ, 26)।

ਮੂਰਤੀ ਪੂਜਾ ਬਾਰੇ ਪੌਲੁਸ ਦੀਆਂ ਗੱਲਾਂ ਕੋਈ ਲੁਕੀਆਂ ਹੋਈਆਂ ਨਹੀਂ ਸਨ। ਉਹਦਾ ਐਲਾਨ ਸੀ ਕਿ ਖ਼ੁਦਾ ''ਸੋਨੇ ਚਾਂਦੀ ਜਾਂ ਪੱਥਰ ਵਰਗਾ [ਨਹੀਂ] ਹੈ ਜਿਹਨੂੰ ਮਨੁੱਖ ਦੀ ਹਥੌੜੀ ਅਤੇ ਮਨ ਨੇ ਘੜਿਆ ਹੈ'' (17:29)। ਉਹਨੇ ਲੋਕਾਂ ਨੂੰ ''ਮੂਰਤੀਆਂ ਤੋਂ ਖ਼ੁਦਾ ਵੱਲ'' (1 ਥੱਸਲੁਨੀਕੀਆਂ 1:9) ਲਿਆਉਣ ਵਿਚ ਆਪਣੀ ਪੂਰੀ ਵਾਹ ਲਾ ਦਿੱਤੀ ਸੀ। ਉਹਦੇ ਪ੍ਰਚਾਰ ਦਾ ਆਪਣਾ ਹੀ ਅਸਰ ਸੀ; ਉਹਨੇ ਅਰਤਿਮਿਸ ਦੀ ਪੂਜਾ ਕਰਨ ਵਾਲੇ ''ਬਹੁਤ ਸਾਰੇ ਲੋਕਾਂ ਨੂੰ ਸਮਝਾ ਕੇ ਮੋੜਿਆ ਸੀ;'' ਜਿਸ ਕਰਕੇ ਦਿਮੇਤ੍ਰਿਉਸ ਅਤੇ ਮੂਰਤੀਆਂ ਬਣਾਉਣ ਵਾਲੇ ਹੋਰ ਲੋਕਾਂ ਦੀ ਕਮਾਈ ਘਟਣ ਲੱਗੀ ਸੀ। ਘੱਟੋ ਘੱਟ ਦੇਮਿਤ੍ਰਿਉਸ ਨੇ ਆਪਣੇ ਸਾਥੀ ਵਪਾਰੀਆਂ ਵਿਚ ਇਹ ਤਾਂ ਸਹੀ ਕਿਹਾ ਸੀ ਕਿ ਉਹਨੂੰ ਆਪਣੀ ਦੁਆ ਵਾਲੀ ਕਿਤਾਬ ਦੀ ਐਨੀ ਫ਼ਿਕਰ ਨਹੀਂ ਸੀ ਜਿੰਨੀ ਆਪਣੀ ਜੇਬ ਦੀ।[30]

ਪਰ ਉਹ ਐਨਾ ਹੋਸ਼ਿਆਰ ਸੀ ਕਿ ਉਹਨੂੰ ਪਤਾ ਸੀ ਕਿ ਅਪਾਣੇ ਆਪ ਅਤੇ ਦੂਜੇ

ਕਲਾਕਾਰਾਂ ਨੂੰ ਹੋਣ ਵਾਲੇ ਮਾਲੀ ਨੁਕਸਾਨ ਦਾ ਵਾਸਤਾ ਦੇ ਕੇ ਉਹ ਲੋਕਾਂ ਨੂੰ ਆਪਣੇ ਪੱਖ ਵਿਚ ਨਹੀਂ ਕਰ ਸਕਣਗੇ। ਸੋ ਉਹਨੇ ਉਸ ਉੱਤੇ ਇਲਜ਼ਾਮ ਲਾਉਣ ਲਈ ਇਕ ਮਜ਼੍ਹਬੀ ਮੁਤੱਅਸਬ ਅਤੇ ਕੌਮੀ ਮਾਣ ਦਾ ਆਸਰਾ ਲਿਆ:

> ਸੋ ਨਿਰਾ ਇਹੋ ਸ਼ੰਸ਼ਾ ਨਹੀਂ ਜੋ ਸਾਡੀ ਕਿਰਤ ਮਾਤ ਪੈ ਜਾਵੇ ਸਗੋਂ ਇਹ ਭੀ ਕਿ ਮਹਾਂ ਦੇਵੀ ਅਰਤਿਮਿਸ ਦਾ ਮੰਦਰ ਰੁਲ ਜਾਵੇ ਅਰ ਜਿਹ ਨੂੰ ਸਰਬੱਤ ਅਸੀਆ ਸਗੋਂ ਦੁਨੀਆਂ ਪੂਜਦੀ ਹੈ ਉਸ ਦੀ ਮਹਿਮਾ ਜਾਂਦੀ ਰਹੇ (ਆਇਤ 27)।

ਰਸੂਲਾਂ ਦੇ ਕੰਮ ਕਿਤਾਬ ਦਾ ਇਹ ਹਿੱਸਾ ਇਸ ਗੱਲ ਵਿਚ ਨਿਰਾਲਾ ਹੈ ਕਿ ਸਾਨੂੰ ਉੱਥੇ ਆਤਮਾ ਦੀ ਪ੍ਰੇਰਣਾ ਤੋਂ ਰਹਿਤ ਕਈ ਲੋਕਾਂ ਦੇ ਭਾਸ਼ਣ ਮਿਲਦੇ ਹਨ। ਲੂਕਾ ਨੇ ਇਕ ਮੂਰਤੀ ਪੂਜਕ ਬੁੱਲ੍ਹਾਂ ਨੂੰ ਮਸੀਹੀਅਤ ਦੇ ਅਸਰ ਦੀ ਗਵਾਹੀ ਦੇਣ ਦੀ ਇਜਾਜ਼ਤ ਦੇ ਦਿੱਤੀ। ਦੇਮੇਤ੍ਰਿਉਸ ਦੇ ਸ਼ਬਦਾਂ ਨਾਲੋਂ ਵੱਧ ਇੰਜੀਲ ਦੀ ਗਵਾਹੀ ਹੋਰ ਨਹੀਂ ਮਿਲ ਸਕਦੀ। ਜੇ ਕਿਸੇ ਨੂੰ ਲਗਦਾ ਹੈ ਕਿ ਦੇਮੇਤ੍ਰਿਉਸ ਨੇ ਪੌਲੁਸ ਦੇ ਪ੍ਰਚਾਰ ਦੇ ਅਸਰ ਨੂੰ ਵਧਾ ਚੜ੍ਹਾਅ ਕੇ ਪੇਸ਼ ਕੀਤਾ ਤਾਂ ਇਹ ਧਿਆਨ ਰੱਖਿਆ ਜਾਣਾ ਜ਼ਰੂਰੀ ਹੈ ਕਿ ਚਾਲੀ ਸਾਲਾਂ ਬਾਅਦ ਏਸ਼ੀਆ ਤੋਂ ਸਮਰਾਟ ਟ੍ਰਾਜਨ ਦੇ ਨਾਂਅ ਪਲਾਇਨੀ[31] ਨੇ ਇਹ ਸ਼ਿਕਾਇਤ ਕਰਦੇ ਹੋਏ ਲਿਖਿਆ ਸੀ ਕਿ ਮਸੀਹੀਅਤ ਕਾਰਣ ਦੇਵਤਿਆਂ ਦੇ ਮੰਦਰ ਖੰਡਰ ਬਣਨ ਲੱਗੇ ਹਨ।

ਦੇਮੇਤ੍ਰਿਉਸ ਦੇ ਭਾਵੁਕ ਸ਼ਬਦਾਂ ਦਾ ਉਹੀ ਅਸਰ ਹੋਇਆ, ਜਿਹਦੀ ਉਮੀਦ ਸੀ। ਉਸ ਨੂੰ ਸੁਣਨ ਵਾਲੇ ''ਕ੍ਰੋਧ ਨਾਲ ਭਰ ਗਏ ਅਤੇ ਉੱਚੀ ਉੱਚੀ ਬੋਲੇ ਭਈ ਅਫ਼ਸੀਆਂ ਦੀ ਅਰਤਿਮਿਸ ਵੱਡੀ ਹੈ।'' (ਆਇਤ 28)। ਉਹ ਨਾਅਰੇ ਲਾਉਂਦੇ ਹੋਏ ''ਗਲੀ ਵੱਲ ਭੱਜੇ'' (ਵੈਸਟਰਨ ਟੈਕਸਟ)। (ਭੀੜ ਨੂੰ ਜੋਸ਼ ਦੁਆਉਣ ਵਾਲਿਆਂ ਨੂੰ ਹਮੇਸ਼ਾ ਤਰਕ ਦੀ ਥਾਂ ਅਸਾਨ ਬਦਲ ਲਈ ਨਾਅਰੇ ਮਿਲ ਹੀ ਜਾਂਦੇ ਹਨ।) ਮੁਜ਼ਾਹਰਾ ਕਰਨ ਵਾਲੇ ਸ਼ਹਿਰ ਵਿਚ ਘੁੰਮਦੇ ਹੋਏ ਲੋਕਾਂ ਨੂੰ ਆਪਣੇ ਨਾਲ ਮਿਲਾ ਰਹੇ ਸਨ, ਜਿਸ ਨਾਲ ''ਸਾਰੇ ਸ਼ਹਿਰ ਵਿਚ ਹੁੱਲੜ ਪੈ ਗਿਆ'' (ਆਇਤ 29ੳ)। ਜਦ ਭੀੜ ਕਾਫ਼ੀ ਵਧ ਗਈ, ਤਾਂ ਉਹ ''ਇਕ ਮਨ ਹੋ ਕੇ ... ਤਮਾਸ਼ੇ ਘਰ ਵਿਚ ਟੁੱਟ ਪਏ'' (ਆਇਤ 29) ਜੋ 25,000 ਲੋਕਾਂ ਦੇ ਬੈਠਣ ਲਈ ਇਕ ਖੁੱਲ੍ਹਾ ਵਿਸ਼ਾਲ ਸਟੇਡੀਅਮ ਸੀ। ਭੀੜ ਇਕ ਵੱਡਾ ਹਜੂਮ ਬਣ ਚੁੱਕੀ ਸੀ ਭਾਵ ਇਹ ਮੁਜ਼ਾਹਿਰਾ ਫ਼ਸਾਦ ਦਾ ਰੂਪ ਲੈ ਚੁੱਕਿਆ ਸੀ।

**ਕੁਝ ਚੇਲੇ, ਸਾਹਮਣੇ ਮੌਤ ਅਤੇ ਇਕ ''ਸਫ਼ਾਈ''**

ਸ਼ਾਇਦ ਇਸ ਉਮੀਦ ਵਿਚ ਕਿ ਭੀੜ ਪੌਲੁਸ ਨੂੰ ਮਾਰ ਦੇਵੇਗੀ, ਭੜਕਾਉਣ ਵਾਲਿਆਂ ਨੇ ਸ਼ਹਿਰ ਵਿਚ ਘੁੰਮਦੇ ਹੋਏ ਪੌਲੁਸ ਨੂੰ ਮਾਰ ਦੇਣ ਦੀ ਤਰਕੀਬ ਬਣਾਈ, ਪਰ ਰਸੂਲ ਉਨ੍ਹਾਂ ਨੂੰ ਮਿਲਿਆ ਨਹੀਂ। ਉਨ੍ਹਾਂ ਨੇ ''ਗਾਯੁਸ[32] ਅਤੇ ਅਰਿਸਤਰਖੁਸ[33] ਨੂੰ ਜਿਹੜੇ ਮਕਦੂਨੀਆ ਦੇ ਵਾਸੀ ਅਤੇ ਸਫ਼ਰ ਵਿਚ ਪੌਲੁਸ ਦੇ ਸਾਥੀ ਸਨ ਆਪਣੇ ਨਾਲ ਖਿੱਚ ਕੇ ਤਮਾਸ਼ੇ ਘਰ ਵਿਚ ਟੁੱਟ ਪਏ''[34] (ਆਇਤ 29ੲ)। ਇਹ ਨਜ਼ਾਰਾ ਪਾਗਲਪਨ ਨਾਲ ਭਰਿਆ ਸੀ; ਮੌਤ ਉੱਥੇ ਮੰਡਰਾ ਰਹੀ ਸੀ। ਗਾਯੁਸ ਅਤੇ ਅਰਿਸਤਰਖੁਸ ਦਾ ਭਵਿੱਖ ਤੀਲੇ ਦੇ ਸਹਾਰੇ ਸੀ।[35]

ਜਦ ਪੌਲੁਸ ਨੂੰ ਇਹ ਖ਼ਬਰ ਮਿਲੀ ਕਿ ਉਹਦੇ ਦੋਸਤਾਂ ਉੱਤੇ ਮੁਸੀਬਤ ਪਈ ਹੈ, ਤਾਂ ਉਹ ਆਪਣੇ ਸਾਥੀਆਂ ਨੂੰ ਛੁਡਾਉਣ ਦੀ ਕੀਮਤ ਤੇ ਆਪਣੇ ਆਪ ਨੂੰ ਦੇ ਦੇਣ ਲਈ ਉਸ ਤਮਾਸ਼ੇ ਘਰ ਵਲ ਚੱਲ ਪਿਆ ਹੋਵੇਗਾ। ਪਰ ''ਜਾਂ ਪੌਲੁਸ ਨੇ ਲੋਕਾਂ ਵਿਚ ਅੰਦਰ ਜਾਣ ਦੀ ਦਲੀਲ ਕੀਤੀ

ਤਾਂ ਚੇਲਿਆਂ ਨੇ ਉਹ ਨੂੰ ਜਾਣ ਨਾ ਦਿੱਤਾ'' (ਆਇਤ 30)।[36] ਉਨ੍ਹਾਂ ਨੂੰ ਪਤਾ ਸੀ ਕਿ ਭੀੜ ਨੂੰ ਸਮਝਾਉਣ ਦਾ ਕੋਈ ਫ਼ਾਇਦਾ ਨਹੀਂ ਅਤੇ ਜੇ ਪੌਲੁਸ ਉਨ੍ਹਾਂ ਹੱਥੋਂ ਖੁੱਸ ਜਾਂਦਾ ਤਾਂ ਪ੍ਰਭੂ ਦਾ ਕੰਮ ਪ੍ਰਭਾਵਿਤ ਹੋ ਸਕਦਾ ਸੀ (ਵੇਖੋ 2 ਸਮੂਏਲ 21:17)।

ਲੂਕਾ ਨੇ ਇਹ ਟਿੱਪਣੀ ਜੋੜੀ ਕਿ ''ਅਸੀਆ ਦੇ ਸਰਦਾਰਾਂ[37] ਵਿੱਚੋਂ ਵੀ ਕਈਆਂ ਨੇ ਜੋ ਉਹ [ਪੌਲੁਸ] ਦੇ ਮਿੱਤਰ ਸਨ ਮਿੰਨਤ ਨਾਲ ਉਹ ਦੇ ਕੋਲ ਕਹਾ ਭੇਜਿਆ ਭਈ ਤਮਾਸ਼ੇ ਘਰ ਵਿਚ ਨਾ ਵੜਨਾ'' (ਆਇਤ 31)। *ਬੈਗਸਟਰਜ਼ ਅਨੈਲਿਟਿਕਲ ਗ੍ਰੀਕ ਲੈਕਸਿਕਨ* ਦੇ ਅਨੁਸਾਰ ਇਹ ਅਸੀਆ ਦੇ ਹਾਕਮ ਸਨ ''ਜਿਨ੍ਹਾਂ ਨੂੰ ਧਾਰਮਿਕ ਬੰਦਗੀ ਨਾਲ ਜੁੜੀਆਂ ਗੱਲਾਂ ਦੀ ਪ੍ਰਧਾਨਗੀ ਅਤੇ ਦੇਵਤਿਆਂ ਦੇ ਸਨਮਾਨ ਵਿਚ ਸਲਾਨਾ ਆਮ ਖੇਡਾਂ ਆਪਣੇ ਖਰਚ ਤੇ ਕਰਾਉਣ ਲਈ ਅਮੀਰ ਲੋਕਾਂ ਵਿੱਚੋਂ ਚੁਣਿਆ ਜਾਂਦਾ'' ਸੀ। ਉਨ੍ਹਾਂ ਦੇ ਅਹੁਦੇ ਤੋਂ ਨਹੀਂ ਲਗਦਾ ਕਿ ਉਹ ਲੋਕ ਮਸੀਹੀ ਬਣੇ ਹੋਣਗੇ, ਪਰ ਘੱਟੋ ਘੱਟ ਉਹ ਪੌਲੁਸ ਅਤੇ ਉਸ ਕੰਮ ਪ੍ਰਤੀ ਜਿਹਦਾ ਉਹ ਇਕਰਾਰ ਕਰਦਾ ਸੀ ਹਮਦਰਦੀ ਜ਼ਰੂਰ ਰੱਖਦੇ ਸਨ।[38] ''ਉਹਦੇ ਕੋਲ ਕਹਾ ਭੇਜਿਆ'' ਵਾਕਾਂਸ਼ ਤੋਂ ਪਤਾ ਲਗਦਾ ਹੈ ਕਿ ਪੌਲੁਸ ਨੂੰ ਰੋਕ ਕੇ ਰੱਖਣਾ ਕਿੰਨਾ ਔਖਾ ਸੀ।

ਉਸੇ ਵੇਲੇ ਤਮਾਸ਼ੇ ਘਰ ਤੇ ''ਡੰਡ ਪਾ ਕੇ ਕੋਈ ਕੁਝ ਆਖਦਾ ਸੀ ਅਤੇ ਕੋਈ ਕੁਝ ਇਸ ਲਈ ਕਿ ਜਮਾਤ[39] ਘਬਰਾ ਰਹੀ ਸੀ ਅਰ ਬਹੁਤਿਆਂ ਨੂੰ ਪਤਾ ਨਾ ਲੱਗਾ ਭਈ ਅਸੀਂ ਕਾਹਦੇ ਲਈ ਇਕੱਠੇ ਹੋਏ ਹਾਂ'' (ਆਇਤ 32)।[40] ਇਹ ਭੂਤਰੀ ਹੋਈ ਭੀੜ ਦਾ ਸਹੀ ਦ੍ਰਿਸ਼ ਸੀ। ਇਕ ਅਮਰੀਕੀ ਸਿਆਸੀ ਨੇਤਾ ਅਤੇ ਲੇਖਕ ਬੈਂਜਾਮਿਨ ਫ੍ਰੈਂਕਲਿਨ ਨੇ ਭੀੜ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ, ''ਲੋਕਾਂ ਦਾ ਅਜਿਹਾ ਹਜੂਮ ਜਿਸ ਵਿਚ ਸਿਰ ਤਾਂ ਬਹੁਤ ਸਾਰੇ ਹਨ ਪਰ ਦਿਮਾਗ਼ ਇਕ ਵੀ ਨਹੀਂ।''

ਇਹ ਸਮਝਾਉਣ ਲਈ ਕਿ ਉਹ ਭੀੜ ਕਿੰਨੀ ਉਲਝਣ ਵਿਚ ਸੀ, ਲੂਕਾ ਨੇ ਕਿਹਾ, ''ਉਨ੍ਹਾਂ ਨੇ ਸਿਕੰਦਰ ਨੂੰ ਜਿਹ ਨੂੰ ਯਹੂਦੀ ਅਗਾਹਾਂ ਧੱਕਦੇ ਸਨ ਭੀੜ ਵਿੱਚੋਂ ਸਾਹਮਣੇ ਕਰ ਦਿੱਤਾ'' (ਆਇਤ 33ੳ)। ਯਹੂਦੀ ਲੋਕ ਭਲਾ ਭੂਤਰੇ ਹੋਏ ਮੂਰਤੀ ਪੂਜਕਾਂ ਨਾਲ ਕੀ ਕਰ ਰਹੇ ਸਨ? ਭਲਾ ਇਹ ਹੋ ਸਕਦਾ ਹੈ ਕਿ ਯਹੂਦੀ ਕਾਰੀਗਰੀ ਬੁੱਤਪ੍ਰਸਤਾਂ ਦੀ ਅਗਿਆਨਤਾ ਦਾ ਫ਼ਾਇਦਾ ਚੁੱਕ ਰਹੇ ਸਨ? ਇਹ ਸਿਕੰਦਰ ਕੌਣ ਸੀ ਜਿਹਨੂੰ ਉਨ੍ਹਾਂ ਨੇ ਸਾਹਮਣੇ ਕੀਤਾ? ਪੌਲੁਸ ਨੇ ਬਾਅਦ ਵਿਚ ਇਕ ''ਸਿਕੰਦਰ ਠਠੇਰੇ'' ਦਾ ਜ਼ਿਕਰ ਕੀਤਾ ਹੈ ਜਿਹਨੇ ਉਸ ਨਾਲ ''ਬਹੁਤ ਬਦੀ ਕੀਤੀ'' ਸੀ (2 ਤਿਮੋਥਿਉਸ 4:14; 1 ਤਿਮੋਥਿਉਸ 1:20 ਵੀ ਵੇਖੋ)। ਭਲਾ ਇਹ ਉਹੀ ਸਿਕੰਦਰ ਹੋ ਸਕਦਾ ਹੈ?[41] ਉਨ੍ਹਾਂ ਨੇ ਭੀੜ ਸਾਹਮਣੇ ਸਿਕੰਦਰ ਨੂੰ (ਭਾਵੇਂ ਉਹ ਜੋ ਵੀ ਹੋਵੇ) ਕਿਉਂ ਖੜ੍ਹਾ ਕੀਤਾ? ਕੀ ਉਹ ਸਿਕੰਦਰ ਦੇ ਰਾਹੀਂ ਇਹ ਸਪੱਸ਼ਟ ਕਰਾਉਣਾ ਚਾਹੁੰਦੇ ਸਨ ਕਿ ਅਫ਼ਸੁਸ ਦੇ ਯਹੂਦੀ ਅਜਿਹੀ ਕਿਸੇ ਮੁਸ਼ਕਿਲ ਲਈ ਜ਼ਿੰਮੇਵਾਰ ਨਹੀਂ ਹਨ ਜੋ ਪੌਲੁਸ ਕਰਕੇ ਆਈ ਹੋਵੇ?[42] ਸਿਕੰਦਰ ਦਾ ਇਸ਼ਾਰਾ ਜੋ ਵੀ ਹੋਵੇ, ਭੀੜ ਨੂੰ ਇਹ ਸਾਫ਼ ਨਹੀਂ ਸੀ। ਸ਼ਾਇਦ ਕਈਆਂ ਨੇ ਇਹ ਨਿਚੋੜ ਕੱਢਿਆ ਕਿ ਸਿਕੰਦਰ ਨੇ ਇਹ ਸਭਾ ਬੁਲਾਈ ਹੈ; ਹੋਰਨਾਂ ਨੇ ਸੋਚਿਆ ਹੋਵੇਗਾ ਕਿ ਮੁਕੱਦਮਾ ਉਸੇ ਉੱਤੇ ਚਲ ਰਿਹਾ ਹੈ।

ਸਿਕੰਦਰ ਨੂੰ ਤਮਾਸ਼ੇ ਘਰ ਵਿਚ ਬੈਠਣ ਵਾਲੀ ਥਾਂ ਹੇਠਾਂ ''ਖੜ੍ਹਾ ਕੀਤਾ'' ਗਿਆ ਹੋਵੇਗਾ। ਉਹ ਲੋਕਾਂ ਨੂੰ ਚੁੱਪ ਕਰਾਉਣ ਲਈ ''ਹੱਥ ਨਾਲ ਸੈਨਤ ਕਰਕੇ ਲੋਕਾਂ ਦੇ ਅੱਗੇ ਉਜ਼ਰ ਕਰਨਾ'' ਚਾਹੁੰਦਾ ਸੀ (ਆਇਤ 33ਅ) ਪਰ ਉਹਨੂੰ ਮੌਕਾ ਨਹੀਂ ਮਿਲਿਆ। ''ਪਰ ਜਾਂ ਉਨ੍ਹਾਂ ਜਾਣਿਆ ਭਈ ਇਹ ਯਹੂਦੀ ਹੈ[43] ਤਾਂ ਸੱਭੋ ਇਕ ਅਵਾਜ਼ ਨਾਲ ਦੋ ਕੁ ਘੰਟਿਆਂ ਤੀਕਰ ਉੱਚੀ ਉੱਚੀ

ਬੋਲਦੇ ਰਹੇ ਭਈ 'ਅਫ਼ਸੀਆਂ ਦੀ ਅਰਤਿਮਿਸ ਵੱਡੀ ਹੈ!' '' (ਆਇਤ 34)।

ਭੀੜ ਦੀ ਦਿਲਚਸਪੀ ਅਰਤਿਮਿਸ ਦੇ ਵਜੂਦ ਨੂੰ ਲੈ ਕੇ ਹੀ ਨਹੀਂ ਸੀ। ਜੇ ਭੂਤਰੀ ਹੋਈ ਭੀੜ ਨੂੰ ਇਹ ਸਮਝ ਹੁੰਦੀ ਕਿ ਮੰਦਰ ਨੂੰ ਖ਼ਤਰਾ ਹੈ ਤਾਂ ਉਨ੍ਹਾਂ ਨੂੰ ਆਪਣੇ ਆਪ ਇਹ ਸਮਝ ਆ ਜਾਣੀ ਸੀ ਕਿ ਉਨ੍ਹਾਂ ਦੀ ਮਾਲੀਅਤ ਨੂੰ ਖ਼ਤਰਾ ਹੈ। ਜਦ ਕੋਈ ਵੱਡਾ ਉਦਯੋਗ ਬੰਦ ਹੁੰਦਾ ਹੈ ਤਾਂ ਉਸ ਨਾਲ ਇਲਾਕੇ ਦਾ ਹਰ ਸ਼ਖ਼ਸ ਪ੍ਰਭਾਵਿਤ ਹੁੰਦਾ ਹੈ। ਸ਼ਾਇਦ ਉਹ ਵੀ ਇਸੇ ਕਰਕੇ ਡੰਡ ਪਾ ਰਹੇ ਸਨ ਕਿਉਂਕਿ ਉਨ੍ਹਾਂ ਨੂੰ ਆਪਣੇ ਬਟੂਏ ਹੌਲੇ ਹੁੰਦੇ ਲਗ ਰਹੇ ਸਨ।

ਮੈਂ ਉਨ੍ਹਾਂ 25,000 ਝੱਲੇ ਹੋਏ ਅਫ਼ਸੀਆਂ ਦੇ ਦੋ ਘੰਟੇ ਤਕ ਡੰਡ ਪਾਉਣ ਦੀ ਕਲਪਨਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਭ ਤੋਂ ਵਧੀਆ ਉਦਾਹਰਣ ਲਈ ਮੈਨੂੰ ਰਾਤ ਦਾ ਉਹ ਸਮਾਂ ਯਾਦ ਆਉਂਦਾ ਹੈ ਜਦ ਮੇਰੇ ਗੁਆਂਢੀਆਂ ਦੇ ਸਾਰੇ ਕੁੱਤੇ ਇੱਕੋ ਸਾਰ ਭੌਂਕਣ ਲੱਗ ਪਏ। ਉਹਦੇ ਕੁਝ ਪਲ ਬਾਅਦ ਮੈਨੂੰ ਲੱਗਾ ਕਿ ਮੈਂ ਆਪਣੇ ਵਾਲ ਪੁੱਟ ਰਿਹਾ ਹਾਂ।

**ਗੜਬੜ, ਖ਼ਤਰਾ, ਅਤੇ ਬਰਖ਼ਾਸਤਗੀ**

ਸ਼ਹਿਰ ਦਾ ਮੁੱਖ ਦਫ਼ਤਰ ਤਮਾਸ਼ੇ ਘਰ ਤੋਂ ਥੋੜ੍ਹੀ ਦੂਰ ਸੀ।[44] ਸ਼ਹਿਰ ਦੇ ਹਾਕਮਾਂ ਨੂੰ ਸਟੇਡੀਅਮ ਵਿਚ ਹੋਏ ਦੰਗੇ ਦਾ ਪਤਾ ਹੋਣਾ ਚਾਹੀਦਾ ਸੀ। ਪਰ ਦੋ ਘੰਟੇ ਬਾਅਦ ਭੀੜ ਦੇ ਆਪਣੇ ਆਪ ਹੀ ਪਾਗਲਾਂ ਵਾਂਗ ਚੀਕਣਾ ਬੰਦ ਕਰਨ ਤਕ ਕਿਸੇ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ। ਤਦ ਸ਼ਹਿਰ ਦੇ ਮੁਹੱਰਰ ਨੇ ਦਖ਼ਲ ਦੇ ਕੇ ਲੋਕਾਂ ਨੂੰ ਸ਼ਾਂਤ ਹੋਣ ਲਈ ਆਖਿਆ (ਆਇਤ 35)। ਯੂਨਾਨੀ ਸ਼ਬਦ ਦਾ ਅਨੁਵਾਦ ''ਸ਼ਹਿਰ ਦਾ ਮੁਹੱਰਰ''[45] ''ਮੁਨਸ਼ੀ'' ਲਈ ਆਮ ਸ਼ਬਦ ਹੈ ਅਤੇ ਇਸ ਗੱਲ ਦਾ ਵੀ ਸੰਕੇਤ ਹੈ ਕਿ ਸ਼ਹਿਰ ਦਾ ਇਹ ਮੁਹੱਰਰ ਸ਼ਹਿਰ ਦੇ ਕੰਮ ਕਾਜ ਦਾ ਲੇਖਾ ਜੋਖਾ ਰਖਦਾ ਸੀ। ਪਰ ਅਫ਼ਸੁਸ ਵਿਚ ਉਹਦਾ ਮਹੱਤਵ ਸੈਕਟਰੀ ਤੋਂ ਕਿਤੇ ਵਧ ਕੇ ਸੀ। NIV ਸਟੱਡੀ ਬਾਈਬਲ ਵਿਚ ਲੂਈਸ ਫ਼ੋਸਟਰ ਅਨੁਸਾਰ ਉਹ ''ਬੇਹੱਦ ਅਹਿਮ ਸਥਾਨਕ ਹਾਕਮ [''ਮੇਅਰ''; ਦ ਲਿਵਿੰਗ ਬਾਈਬਲ] ਅਤੇ ਸਭਾ ਦਾ ਮੁੱਖ ਕਾਰਜਕਾਰੀ ਅਧਿਕਾਰੀ ਸੀ, ਜੋ ਅਫ਼ਸੁਸ ਅਤੇ ਰੋਮੀ ਹਾਕਮਾਂ ਦਰਮਿਆਨ ਵਿਚੋਲੇ ਦਾ ਕੰਮ ਕਰਦਾ ਸੀ।''

ਦੇਮੇਤ੍ਰਿਉਸ ਦੇ ਦੰਗਾ ਭੜਕਾਉਣ ਵਿਚ ਕਾਮਯਾਬ ਰਹਿਣ ਵਾਂਗ, ਇਸ ਅਧਿਕਾਰੀ ਨੇ ਦੰਗਾ ਸ਼ਾਂਤ ਕਰਨ ਲਈ ਆਪਣੀ ਕਾਬਲੀਅਤ ਸਾਬਤ ਕਰ ਦਿੱਤੀ। ਉਹ ਤਮਾਸ਼ੇ ਘਰ ਵਿਚ ਲੋਕਾਂ ਨੂੰ ਇਹ ਤਸੱਲੀ ਦਿੰਦੇ ਹੋਏ ਕਹਿਣ ਲੱਗਾ ਕਿ ''ਹੇ ਅਫ਼ਸੀ ਮਰਦੋ, ਉਹ ਕਿਹੜਾ ਮਨੁੱਖ ਹੈ ਜੋ ਨਹੀਂ ਜਾਣਦਾ ਭਈ ਅਫ਼ਸੀਆਂ ਦਾ ਸ਼ਹਿਰ ਮਹਾਂ ਅਰਤਿਮਿਸ ਦਾ ਅਤੇ ਅਕਾਸ਼ ਦੀ ਵੱਲੋਂ ਗਿਰੀ ਹੋਈ ਮੂਰਤ ਦਾ ਸੇਵਕ ਹੈ!''[46] (ਆਇਤ 35)। ਫਿਰ ਉਹਨੇ ਉਨ੍ਹਾਂ ਨੂੰ ਖ਼ਬਰਦਾਰ ਕੀਤਾ: ''ਸੋ ਜਦ ਇਨ੍ਹਾਂ ਗੱਲਾਂ ਦਾ ਖੰਡਣ ਨਹੀਂ ਹੋ ਸਕਦਾ ਤਾਂ ਤੁਹਾਨੂੰ ਚਾਹੀਦਾ ਹੈ ਭਈ ਚੁੱਪ ਰਹੋ ਅਤੇ ਬਿਨਾਂ ਸੋਚੇ ਕੁਝ ਨਾ ਕਰੋ'' (ਆਇਤ 36)। NCV ਦੇ ਅਨੁਵਾਦ ਵਿਚ ''ਰੁਕ ਜਾਓ ਅਤੇ ਕੁਝ ਕਰਨ ਤੋਂ ਪਹਿਲਾਂ ਸੋਚ ਲਓ'' ਹੈ।

ਦੋ ਘੰਟੇ ਦੇ ਰੌਲੇ ਦੌਰਾਨ ਇਸ ਹਾਕਮ ਨੇ ਆਪਣੀ ਖੋਜ ਪੂਰੀ ਕਰਕੇ ਤੱਥ ਇਕੱਠੇ ਕਰ ਲਏ ਸਨ। ਉਹਨੇ ਐਲਾਨ ਕਰਦੇ ਹੋਏ ਗਾਯੁਸ ਅਤੇ ਅਰਿਸਤਰਖੁਸ ਵੱਲ ਇਸ਼ਾਰਾ ਕੀਤਾ, ''ਕਿਉਂ ਜੋ ਤੁਸੀਂ ਇਨ੍ਹਾਂ ਮਨੁੱਖਾਂ ਨੂੰ ਐੱਥੇ ਲਿਆਏ ਹੋ ਜੋ ਨਾ ਤਾਂ ਮੰਦਰ ਦੇ ਚੋਰ ਹਨ ਅਤੇ ਨਾ ਸਾਡੀ ਦੇਵੀ ਦੀ ਨਿੰਦਿਆ ਕਰਨ ਵਾਲੇ ਹਨ'' (ਆਇਤ 37)। ਭਲਾ ਸ਼ਹਿਰ ਦੇ ਮੁਹੱਰਰ ਨੇ ਇਹ ਕਹਿ ਕੇ ਝੂਠ ਬੋਲਿਆ ਸੀ ਕਿ ਇਨ੍ਹਾਂ ਦੋ ਮਸੀਹੀਆਂ ਨੇ ਅਰਤਿਮਿਸ ਦੀ ਨਿੰਦਾ ਨਹੀਂ ਕੀਤੀ ਸੀ

(ਭਾਵ ਉਹਦੇ ਖਿਲਾਫ਼ ਨਹੀਂ ਬੋਲਿਆ ਸੀ)? ਹੋ ਸਕਦਾ ਹੈ। ਯਾਦ ਰੱਖੋ ਕਿ (1) ਇਹ ਹਾਕਮ ਉਲਝਣ ਵਿਚ ਪਏ ਲੋਕਾਂ ਨਾਲ ਗੱਲ ਕਰ ਰਿਹਾ ਸੀ, ਜਿਨ੍ਹਾਂ ਵਿੱਚੋਂ ਬਹੁਤਿਆਂ ਨੂੰ ਪਤਾ ਹੀ ਨਹੀਂ ਸੀ ਕਿ ਹੋ ਕੀ ਰਿਹਾ ਹੈ (ਆਇਤ 32); (2) ਕਿ ਉਹਦਾ ਮਕਸਦ ਇਨ੍ਹਾਂ ਦੋਹਾਂ ਦਾ ਬਚਾਅ ਨਹੀਂ ਸਗੋਂ ਅਮਨ ਬਹਾਲ ਕਰਨਾ ਸੀ; ਅਤੇ (3) ਕਿ ਉਹ ਮਸੀਹੀ ਨਹੀਂ ਸੀ, ਇਸ ਲਈ ਹੋ ਸਕਦਾ ਹੈ ਕਿ ਜੇ ਝੂਠ ਬੋਲਣ ਨਾਲ ਉਹਦਾ ਕੰਮ ਬਣ ਜਾਂਦਾ ਤਾਂ ਉਹ ਝੂਠ ਵੀ ਬੋਲ ਦਿੰਦਾ। ਦੂਜੇ ਪਾਸੇ ਹੋ ਸਕਦਾ ਹੈ ਕਿ ਦੇਮੇਤ੍ਰਿਉਸ ਅਤੇ ਹੋਰ ਮੂਰਤੀਕਾਰਾਂ ਨੇ ਉਹਨੂੰ ਖ਼ਬਰਦਾਰ ਕੀਤਾ ਹੋਵੇ ਕਿ ਉਹ ਸੱਚਾਈ ਨੂੰ ਬਹੁਤਾ ਲੰਮਾ ਨਾ ਖਿੱਚੇ। ਇਸ ਲਈ ਉਸ ਨੇ ਕੁਝ ਵੀ ਗ਼ਲਤ ਨਹੀਂ ਕਿਹਾ। ਪੌਲੁਸ ਅਤੇ ਉਹਦੇ ਸਾਥੀਆਂ ਨੇ ਇਹ ਪ੍ਰਚਾਰ ਤਾਂ ਕੀਤਾ ਸੀ ਕਿ ‘‘ਜਿਹੜੇ ਹੱਥਾਂ ਦੇ ਬਣਾਏ ਹੋਏ ਹਨ, ਉਹ ਦਿਓਤੇ ਨਹੀਂ ਹੁੰਦੇ’’ (ਆਇਤ 26ਓ), ਪਰ ਉਨ੍ਹਾਂ ਨੇ ਅਰਤਿਮਿਸ ਉੱਤੇ ਨਿੱਜੀ ਹਮਲਾ ਨਹੀਂ ਕੀਤਾ ਹੋਵੇਗਾ। ਉਨ੍ਹਾਂ ਨੇ ਮੂਰਤੀ ਪੂਜਾ ਦੇ ਖ਼ਿਲਾਫ਼ ਰੈਲੀਆਂ ਨਹੀਂ ਕੱਢੀਆਂ ਸਨ। ਉਨ੍ਹਾਂ ਨੇ ਮੰਦਰ ਅੱਗੇ ਧਰਨਾ ਨਹੀਂ ਦਿੱਤਾ ਸੀ; ਉਨ੍ਹਾਂ ਨੇ ਤਾਂ ‘‘ਸਿਰਫ਼’’ ਇੰਜੀਲ ਸੁਣਾਈ ਸੀ।

ਜੇ ਦੇਮੇਤ੍ਰਿਉਸ ਅਤੇ ਹੋਰ ਕਲਾਕਾਰ ਵਿਰੋਧ ਕਰਨਾ ਚਾਹੁੰਦੇ ਸਨ ਤਾਂ ਇਸ ਅਧਿਕਾਰੀ ਨੇ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਉਨਾਂ ਨੂੰ ਗੜਬੜ ਫ਼ੈਲਾਉਣ ਵਾਲੇ ਕੁਕਰਮੀ ਆਖ ਕੇ ਸ਼ਾਂਤ ਕਰ ਦਿੱਤਾ:

> ਸੋ ਜੇ ਦੇਮੇਤ੍ਰਿਉਸ ਅਰ ਉਹਦੇ ਨਾਲ ਦੇ ਕਾਰੀਗਰਾਂ ਦਾ ਕਿਸੇ ਉੱਤੇ ਕੁਝ ਦਾਵਾ ਹੋਵੇ ਤਾਂ ਕਚਹਿਰੀਆਂ ਲੱਗੀਆਂ ਹਨ[47] ਅਤੇ ਡਿਪਟੀ ਵੀ ਹਨ,[48] ਉਹ ਇਕ ਦੂਜੇ ਤੇ ਨਾਲਸ਼ ਕਰਨ। ਪਰ ਜੇ ਤੁਸੀਂ ਕੋਈ ਹੋਰ ਗੱਲ ਪੁੱਛਦੇ ਹੋ ਤਾਂ ਕਨੂੰਨੀ ਮਜਲਸ ਵਿਚ ਨਿਬੇੜਾ ਕੀਤਾ ਜਾਊ[49] (ਆਇਤਾਂ 38, 39)।

ਇਨ੍ਹਾਂ ਸ਼ਬਦਾਂ ਨਾਲ ਇਸ ਅਧਿਕਾਰੀ ਦੇ ਦੋ ਮਕਸਦ ਪੂਰੇ ਹੋਏ। ਪਹਿਲਾਂ ਉਹਨੇ ਜ਼ੋਰ ਦਿੱਤਾ ਕਿ ਸ਼ਿਕਾਇਤਾਂ ਦੇ ਨਿਪਟਾਰੇ ਲਈ ਸਹੀ ਅਤੇ ਗ਼ਲਤ ਢੰਗਾਂ ਵਿੱਚੋਂ ਉਨ੍ਹਾਂ ਨੇ ਗ਼ਲਤ ਨੂੰ ਚੁਣਿਆ ਸੀ। ਉਹਨੇ ਕਾਰੀਗਰਾਂ ਨੂੰ ਦੱਸ ਦਿੱਤਾ ਕਿ ਜੇ ਉਹਦਾ ਕੋਈ ਅਪ੍ਰਤੱਖ ਉਲਟਾ ਅਸਰ ਹੋਇਆ ਤਾਂ ਕੌਣ ਜ਼ਿੰਮੇਵਾਰ ਹੋਵੇਗਾ।

ਫਿਰ ਇਸ ਅਧਿਕਾਰੀ ਨੇ ਸੰਭਾਵਿਤ ਨਤੀਜਿਆਂ ਵੱਲ ਇਸ਼ਾਰਾ ਕੀਤਾ: ‘‘ਕਿਉਂਕਿ ਅੱਜ ਦੇ ਫ਼ਸਾਦ ਦੇ ਕਾਰਨ ਸਾਨੂੰ ਡਰ ਹੈ ਭਈ ਕਿਧਰੇ ਸਾਡੇ ਉੱਤੇ ਨਾਲਸ਼ ਨਾ ਹੋਵੇ ਇਸ ਲਈ ਜੋ ਇਹਦਾ ਕੋਈ ਕਾਰਣ ਨਹੀਂ ਹੈ ਅਰ ਇਹ ਦੇ ਵਿਖੇ ਭੀੜ ਦੇ ਹੋਣ ਦਾ ਕੋਈ ਉਜ਼ਰ ਸਾਥੋਂ ਨਹੀਂ ਕੀਤਾ ਜਾਊ!’’ (ਆਇਤ 40)। ਇਨ੍ਹਾਂ ਸ਼ਬਦਾਂ ਦੀ ਅਹਿਮੀਅਤ ਨੂੰ ਸਮਝਣ ਲਈ ਦੰਗੇ ਬਾਰੇ ਸਾਡੇ ਲਈ ਰੋਮ ਦੇ ਸਲੂਕ ਨੂੰ ਸਮਝਣਾ ਜ਼ਰੂਰੀ ਹੈ। ਰੋਮ ਦੀ ਨਜ਼ਰ ਵਿਚ ਕੁਝ ਜੁਰਮ ਸਰਕਾਰੀ ਹੁਕਮਾਂ ਦਾ ਪਾਲਣ ਨਾ ਕਰਨ ਨਾਲੋਂ ਵੀ ਵੱਡੇ ਸਨ (ਦੰਗਾ ਭੜਕਾਉਣ ਦਾ ਜੁਰਮ ਮੌਤ ਦੀ ਸਜ਼ਾ ਦੇ ਯੋਗ ਸੀ)। ਅਫ਼ਸੁਸ ਇਕ ਅਜ਼ਾਦ ਸ਼ਹਿਰ ਸੀ ਅਤੇ ਉਸ ਨੂੰ ਕਈ ਅਧਿਕਾਰ ਪ੍ਰਾਪਤ ਸਨ। ਜੇ ਤਮਾਸ਼ੇ ਘਰ ਵਿਚ ਗੜਬੜ ਦੀ ਗੱਲ ਰੋਮ ਤਕ ਪਹੁੰਚ ਜਾਂਦੀ ਤਾਂ ਇਸ ਦੇ ਸਾਰੇ ਨਹੀਂ ਤਾਂ ਜ਼ਿਆਦਾਤਰ ਅਧਿਕਾਰ ਖੁੱਸ ਸਕਦੇ ਸਨ। ਰੋਮੀ ਫ਼ੌਜੀ ਸ਼ਹਿਰ ਉੱਤੇ ਕਬਜ਼ਾ ਕਰ ਸਕਦੇ ਸਨ। ਮੁਜਰਮਾਂ ਨੂੰ (ਅਜਿਹੀ ਸਜ਼ਾ ਸ਼ਹਿਰ ਦੇ ਮੁਹੱਰਰ ਨੂੰ ਵੀ ਮਿਲ ਸਕਦੀ ਸੀ) ਕੈਦ ਅਤੇ ਮੌਤ ਦੀ

ਸਜ਼ਾ ਤਕ ਮਿਲ ਸਕਦੀ ਸੀ। ਘੱਟੋ ਘੱਟ ਜੁਰਮਾਨੇ ਤਾਂ ਲਗ ਹੀ ਜਾਂਦੇ, ਟੈਕਸ ਵਧ ਜਾਂਦੇ ਅਤੇ ਮਜ਼ਦੂਰਾਂ ਦੀਆਂ ਯੂਨੀਅਨਾਂ ਭੰਗ ਕਰ ਦਿੱਤੀਆਂ ਜਾਂਦੀਆਂ। ਦੂਜੇ ਸ਼ਬਦਾਂ ਵਿਚ ਸੁਨਿਆਰੇ ਅਤੇ ਦੂਜੇ ਮੂਰਤੀਕਾਰ ਦੰਗਾ ਭੜਕਾ ਕੇ ਜਿਸ ਬਟੂਏ ਨੂੰ ਹੌਲਾ ਹੋਣ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਉਸੇ ਉੱਤੇ ਹਮਲਾ ਹੋ ਜਾਣਾ ਸੀ।

ਅਧਿਕਾਰੀ ਨੇ ਆਪਣੀ ਗੱਲ ਪੂਰੀ ਕਰਨ ਦੇ ਬਾਅਦ ਵੇਖਿਆ ਕਿ ਕੁਝ ਸਮਾਂ ਪਹਿਲਾਂ ਭੜਕੀ ਭੀੜ ਹੁਣ ਸ਼ਾਂਤ ਸੀ। ਲੂਕਾ ਨੇ ਲਿਖਿਆ ਹੈ ਕਿ ''ਉਸ ਨੇ ਇਉਂ ਕਹਿ ਕੇ ਜਮਾਤ ਨੂੰ ਵਿਦਿਆ ਕੀਤਾ'' (ਆਇਤ 41)। ਮੈਂ ਲੋਕਾਂ ਨੂੰ ਤਮਾਸ਼ੇ ਘਰ 'ਚੋਂ ਬਾਹਰ ਜਾਂ ਸ਼ਾਂਤ ਸਿਰ ਸੁੱਟੀ ਘਰ ਜਾਂਦਿਆਂ ਵੇਖ ਸਕਦਾ ਹਾਂ। ਮੈਂ ਸ਼ਹਿਰ ਦੇ ਮੁਹੱਰਰ ਨੂੰ ਵੀ ਮੱਥਾ ਪੂੰਝਦਿਆਂ ਹੋਰ ਦੁਨਿਆਵੀ ਮਸਲਿਆਂ ਨੂੰ ਨਿਪਟਾਉਣ ਲਈ ਆਪਣੇ ਦਫ਼ਤਰ ਵਿਚ ਜਾਂਦੇ ਵੇਖ ਸਕਦਾ ਹਾਂ। ਮੈਂ ਕਲਪਨਾ ਕਰਦਾ ਹਾਂ ਕਿ ਉਹਨੇ ਸੋਚਿਆ ਕਿ ''ਇਹ ਤਾਂ ਚੰਗਾ ਹੈ ਕਿ ਮੈਨੂੰ *ਅਜਿਹਾ* ਹਰ ਰੋਜ਼ ਨਹੀਂ ਕਰਨਾ ਪੈਂਦਾ!'' ਅਤੇ ਸ਼ਾਇਦ, ''ਐਨੀ ਤਾਂ ਕੋਈ ਤਨਖ਼ਾਹ ਵੀ ਨਹੀਂ ਦਿੰਦਾ ਜਿੰਨਾ ਮੈਂ ਕੰਮ ਕਰਦਾ ਹਾਂ!''

ਪੌਲੁਸ ਦੇ ਸਾਥੀਆਂ, ਗਾਯੁਸ ਅਤੇ ਅਰਿਸਤਰਖੁਸ ਦਾ ਕੀ ਬਣਿਆ ਜਿਨ੍ਹਾਂ ਨੂੰ ਤਮਾਸ਼ੇ ਘਰ ਵਿਚ ਘਸੀਟ ਕੇ ਲਿਆਂਦਾ ਗਿਆ ਸੀ? ਸ਼ਾਇਦ ਉਨ੍ਹਾਂ ਨੂੰ ਉਸ ਅਧਿਕਾਰੀ ਨੇ ਮਾਫ਼ੀ ਮੰਗਵਾ ਕੇ ਛੱਡ ਦਿੱਤਾ, ਕਿਉਂਕਿ ਅਗਲੇ ਅਧਿਆਇ ਵਿਚ ਅਸੀਂ ਉਨ੍ਹਾਂ ਨੂੰ ਫੇਰ ਪੌਲੁਸ ਨਾਲ ਘੁੰਮਦੇ ਵੇਖਾਂਗੇ[50] (20:3, 4)।

ਪ੍ਰਭੂ ਦੇ ਰਾਹ ਦੀ ਇਹ ਇਕ ਹੋਰ ਫ਼ਤਹਿ ਸੀ। ਵਿਸ਼ਵਾਸੀਆਂ ਨੂੰ ਬੇਦੋਸ਼ੇ ਕਰਾਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਦੇ ਸਤਾਉਣ ਵਾਲੇ ਦੋਸ਼ੀ ਠਹਿਰੇ ਸਨ। ਲੂਕਾ ਨੇ ਆਪਣੇ ਪਾਠਕਾਂ ਨੂੰ ਵਿਖਾ ਦਿੱਤਾ ਸੀ ਕਿ ਇਹ ਦੰਗਾ ਮਸੀਹੀ ਲੋਕਾਂ ਕਰਕੇ ਨਹੀਂ, ਸਗੋਂ ਉਨ੍ਹਾਂ ਦੇ ਸਤਾਉਣ ਵਾਲਿਆਂ ਕਰਕੇ ਹੋਇਆ ਸੀ, ਜੋ ਸਮਾਜ ਲਈ ਖ਼ਤਰਾ ਸਨ।

## ਸਾਰ

ਤਮਾਸ਼ੇ ਘਰ ਵਿਚ ਭੜਕੇ ਦੰਗੇ ਨਾਲ ਪੌਲੁਸ ਨੂੰ ਸਮਝ ਆ ਗਈ ਕਿ ਉਹਦੀ ਯੋਜਨਾ ਮੁਤਾਬਕ ਅਫ਼ਸੁਸ ਨੂੰ ਛੱਡਣ ਦਾ ਵਕਤ ਆ ਗਿਆ ਹੈ। ਖੁੱਲ੍ਹੇ ਦਰਵਾਜ਼ੇ (1 ਕੁਰਿੰਥੀਆਂ 16:9) ਠ੍ਹਾ ਕਰਕੇ ਬੰਦ ਹੋ ਚੁੱਕੇ ਸਨ। ਇਸ ਕਰਕੇ, ''ਜਾਂ ਰੌਲਾ ਹਟ ਗਿਆ ਤਾਂ ਪੌਲੁਸ ਨੇ ਚੇਲਿਆਂ ਨੂੰ ਸੱਦ ਕੇ ਦਿਲਾਸਾ ਦਿੱਤਾ ਅਤੇ ਉਨ੍ਹਾਂ ਕੋਲੋਂ ਵਿਦਿਆ ਹੋ ਕੇ ਮਕਦੂਨੀਆ ਵਿਚ ਜਾਣ ਨੂੰ ਤੁਰ ਪਿਆ'' (20:1)।

ਅਫ਼ਸੁਸ ਦੇ ਦੰਗੇ ਦੇ ਨਾਟਕੀ ਢੰਗ ਨਾਲ ਵਰਣਨ ਵਿਚ ਸਾਡੇ ਲਈ ਬਹੁਤ ਸਾਰੀਆਂ ਸਿੱਖਿਆਵਾਂ ਹਨ। ਇਸ ਨਾਲ ਸਲੀਬ ਦੇ ਦੁਸ਼ਮਣਾਂ ਵੱਲੋਂ ਵੀ ਇੰਜੀਲ ਦੀ ਤਾਕਤ ਨੂੰ ਮੰਨਣ ਦਾ ਪਤਾ ਲਗਦਾ ਹੈ। ਜਿਵੇਂ ਕਿ ਦੇਮੇਤ੍ਰਿਉਸ ਨੇ ਸਹੀ ਨਿਚੋੜ ਕੱਢਿਆ ਸੀ ਕਿ ਇੰਜੀਲ ਕਰਕੇ ਹੀ ਅਰਤਿਮਿਸ ਦੇਵੀ ਦੀ ਪੂਜਾ ਖ਼ਤਰੇ ਵਿਚ ਪੈ ਗਈ ਸੀ। ਕਿਸੇ ਵਕਤ ਦਾ ਸ਼ਾਨਦਾਰ ਅਰਤਿਮਿਸ ਦਾ ਮੰਦਰ ਅੱਜ ਖੰਡਰ ਬਣਿਆ ਹੋਇਆ ਹੈ। ਉੱਥੇ ਇੱਕੋ ਹੀ ਖੰਭਾ ਹੈ ਅਤੇ ਉਸ ਉੱਤੇ ਵੀ ਕ੍ਰੌਂਚ ਪੰਛੀ ਦਾ ਆਲ੍ਹਣਾ ਹੈ।

ਪਰ ਸਾਡੇ ਯੁੱਗ ਲਈ ਖ਼ਾਸ ਅਹਿਮੀਅਤ, ਸਮੇਂ ਸਿਰ ਦਿੱਤੀ ਗਈ ਚਿਤਾਵਨੀ ਹੈ ਕਿ ਧਨ ਦੀ ਬਹੁਤੀ ਚਿੰਤਾ ਨਾ ਕੀਤੀ ਜਾਵੇ। ਧਨ ਜਾਂ ਹਥਿਆਰ ਮੂਰਤੀ ਵੀ ਹੋ ਸਕਦਾ ਹੈ। ਜਾਂ ਤਾਂ ਅਸੀਂ

ਖ਼ੁਦਾ ਦੀ ਬੰਦਗੀ ਕਰਕੇ ਧਨ ਨੂੰ ਉਹਦੇ ਕੰਮ ਨੂੰ ਵਧਾਉਣ ਲਈ ਵਰਤ ਸਕਦੇ ਹਾਂ, ਜਾਂ ਧਨ ਦੀ ਬੰਦਗੀ ਕਰਕੇ ਅਤੇ ਧਨ ਕਮਾਉਣ ਲਈ ਧਰਮ ਦੀ ਵਰਤੋਂ ਕਰ ਸਕਦੇ ਹਾਂ। ਕੁਝ ਪਲਾਂ ਲਈ ਪਿੱਛੇ ਬੈਠ ਜਾਓ ਅਤੇ ਸਰਵਸ਼ਕਤੀਮਾਨ ਧਨ ਬਾਰੇ ਦੇਮੇਤ੍ਰਿਉਸ ਅਤੇ ਉਹਦੇ ਦੋਸਤਾਂ ਦੀ ਉਤਸੁਕਤਾ ਵੇਖੋ; ਫਿਰ ਸ਼ੀਸ਼ੇ ਵਿਚ ਆਪਣੇ ਆਪ ਨੂੰ ਵੀ ਵੇਖੋ। ਧਨ ਬਾਰੇ ਤੁਹਾਡੀ ਕੀ ਸੋਚ ਹੈ? ਜਦ ਮਸੀਹ ਦੇ ਕੰਮ ਨੂੰ ਫੈਲਾਉਣ ਜਾਂ ਦੂਜਿਆਂ ਦੀ ਮਦਦ ਲਈ ਸਾਨੂੰ ਮੌਕੇ ਮਿਲਦੇ ਹਨ ਤਾਂ ਸਾਡਾ ਕੀ ਰਵੱਈਆ ਹੁੰਦਾ ਹੈ? (ਤੁਹਾਨੂੰ ਪੱਕਾ ਪਤਾ ਨਹੀਂ ਹੈ ਕਿ ਤੁਹਾਡਾ ਰਵੱਈਆ ਕਿਹੋ ਜਿਹਾ ਹੋਣਾ ਚਾਹੀਦਾ ਹੈ, ਤਾਂ ਖੁੱਲ੍ਹਦਿਲੀ ਨਾਲ ਦਾਨ ਦਿਓ ਅਤੇ ਵੇਖੋ ਕਿ ਤੁਹਾਨੂੰ ਕਿਵੇਂ ਲਗਦਾ ਹੈ!) ਮੇਰੀ ਦੁਆ ਹੈ ਕਿ ਮਸੀਹੀਅਤ ਸਾਡੇ ਬਟੂਵਿਆਂ ਉੱਤੇ ਹਮਲਾ ਕਰਕੇ ਸਾਨੂੰ ਮੁਸਕਰਾਹਟ ਦੇਵੇ, ਦੁੱਖ ਨਹੀਂ।

## ਸਰਮਨ ਨੋਟਸ

ਰਾਬਰਟ ਕੋਲ ਸ਼ਹਿਰ ਦੇ ਮੁਹੱਰਰ ਦੇ ਭਾਸ਼ਣ ਦੀ ਇਕ ਦਿਲਚਸਪ ਪ੍ਰਾਸੰਗਿਕਤਾ ਹੈ। ਉਹਨੇ ਇਸ ਭਾਸ਼ਣ ਦਾ ਸਿਰਲੇਖ ''ਮੁਤੱਅਸਬ ਨਾਲ ਕਿਵੇਂ ਨਿਪਟੀਏ'' ਰੱਖਿਆ ਹੈ ਅਤੇ ਉਸ ਨੇ ਸਿਖਾਉਣ ਸਮੇਂ ਸਾਡੇ ਸਾਹਮਣੇ ਆਉਣ ਵਾਲੇ ਮੁਤੱਅਸਬ ਨਾਲ ਨਿਪਟਣ ਬਾਰੇ ਦੱਸਿਆ ਹੈ।

---

ਟਿੱਪਣੀਆਂ

[1]ਅਫ਼ਸੁਸ ਦੀ ਮੰਡਲੀ ਦੇ ਇਲਾਵਾ, ਅਸੀਆ ਦੀਆਂ ਸੱਤ ਕਲੀਸੀਆਵਾਂ ਦੀਆਂ ਸਾਰੀਆਂ ਨਹੀਂ ਤਾਂ ਜ਼ਿਆਦਾਤਰ ਮੰਡਲੀਆਂ (ਪ੍ਰਕਾਸ਼ ਦੀ ਪੋਥੀ 1-3) ਇਸੇ ਦੌਰਾਨ ਕਾਇਮ ਹੋਈਆਂ ਸਨ, ਜਿਸ ਵਿਚ ਕੁਲੁੱਸੇ ਅਤੇ ਹੇਅਰਾਪੁਲਿਸ ਦੀਆਂ ਮੰਡਲੀਆਂ ਵੀ ਸਨ। [2]ਇਸ ਤੁਲਨਾ ਵਿਚ ਉਸ ਇਲਾਕੇ ਦਾ ਨਾਂਅ ਦਿਓ ਜਿਸ ਤੋਂ ਸੁਣਨ ਵਾਲੇ ਵਾਕਫ਼ ਹੋਣ। ਯਾਦ ਰਹੇ ਕਿ ਅਸੀਆ ਵਿਚ ਰੋਮੀ ਰਾਜ ਪੱਛਮ ਤਕ ਸੀ, ਜਿਸ ਨੂੰ ਅੱਜ ਤੁਰਕੀ ਕਿਹਾ ਜਾਂਦਾ ਹੈ। ਸਫ਼ਾ 200 'ਤੇ ''ਪੌਲੁਸ ਦੀ ਤੀਜੀ ਮਿਸ਼ਨਰੀ ਯਾਤਰਾ'' ਵਾਲਾ ਨਕਸ਼ਾ ਵੇਖੋ। [3]2 ਕੁਰਿੰਥੀਆਂ 11:28 ਵਿਚ ਇਨ੍ਹਾਂ ਮੰਡਲੀਆਂ ਲਈ ਪੌਲੁਸ ਦੀ ਚਿੰਤਾ ਦਾ ਪਤਾ ਲਗਦਾ ਹੈ। ਕੋਈ ਸ਼ਕ ਨਹੀਂ ਕਿ ਉਹਨੇ ਕੁਰਿੰਥੁਸ ਦੀ ਕਲੀਸੀਆ ਵਾਂਗ ਇਨ੍ਹਾਂ ਨੂੰ ਉਤਸ਼ਾਹਿਤ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਸੀ। [4]ਕਈਆਂ ਦਾ ਮੰਨਣਾ ਹੈ ਕਿ 1 ਕੁਰਿੰਥੀਆਂ 5:9 ਵਿਚ ਜਿਸ ਪੱਤਰੀ ਦੀ ਗੱਲ ਹੈ (ਜੋ 1 ਕੁਰਿੰਥੀਆਂ ਤੋਂ ਪਹਿਲਾਂ ਵਾਲੀ ਹੈ) ਉਸ ਨੂੰ 2 ਕੁਰਿੰਥੀਆਂ ਦੇ ਭਾਗ ਦੇ ਰੂਪ ਵਿਚ ਰੱਖਿਆ ਗਿਆ ਹੈ। ਪਰ ਇਹ ਸੰਭਾਵਨਾ ਬਹੁਤੀ ਹੈ ਕਿ ਪਹਿਲੀ ਚਿੱਠੀ ਵਿਚ ਕਹੀ ਹਰ ਗੱਲ 1 ਕੁਰਿੰਥੀਆਂ ਵਿਚ ਦੁਹਰਾਈ ਗਈ ਅਤੇ ਵਿਸਤਾਰ ਨਾਲ ਦੱਸੀ ਗਈ ਅਤੇ ਖ਼ੁਦਾ ਨੂੰ ਲੱਗਾ ਕਿ ਇਸ ਨੂੰ ਸਾਡੇ ਲਈ ਰੱਖਣਾ ਜ਼ਰੂਰੀ ਨਹੀਂ ਹੈ। [5]ਇਨ੍ਹਾਂ ਦੋ ਹਵਾਲਿਆਂ ਵਿਚ *ਤੀਜੀ* ਵਾਰ ਜਾਣ ਦਾ ਜ਼ਿਕਰ ਹੈ। ਇਹਦਾ ਮਤਲਬ ਇਹ ਹੋਇਆ ਕਿ ਦੂਜੀ ਯਾਤਰਾ ਦੇ ਅਖ਼ੀਰ ਵਿਚ ਕੁਰਿੰਥੁਸ ਤੋਂ ਜਾਣ ਅਤੇ ਤੀਜੀ ਯਾਤਰਾ ਦੇ ਅਖ਼ੀਰ ਵਿਚ ਉਨ੍ਹਾਂ ਨਾਲ ਮਿਲਣ ਦੇ ਦਰਮਿਆਨ ਉਹ ਦੂਜੀ ਵਾਰ ਉਨ੍ਹਾਂ ਨਾਲ ਮਿਲਿਆ ਸੀ। ਇਹ ਜਾਣਾ ਉਦੋਂ ਹੀ ਤੈਅ ਹੋਇਆ ਹੋਵੇਗਾ ਜਦ ਪੌਲੁਸ ਅਫ਼ਸੁਸ ਵਿਚ ਰਹਿ ਕੇ ਕੰਮ ਕਰ ਰਿਹਾ ਸੀ। [6]ਪੌਲੁਸ ਦੇ ਦਿਮਾਗ਼ 'ਚ ਕੋਈ ਗੰਭੀਰ ਬੀਮਾਰੀ ਹੋਵੇਗੀ। [7]ਜੰਗਲੀ ਜਾਨਵਰਾਂ ਵਰਗਾ ਵਿਹਾਰ ਕਰਨ ਵਾਲੇ ਲੋਕਾਂ ਲਈ ''ਦਰਿੰਦਿਆਂ'' ਸ਼ਬਦ ਦੀ ਵਰਤੋਂ ਇਕ ਅਲੰਕਾਰ ਲਗਦਾ ਹੈ। ਕਾਨੂੰਨੀ ਤੌਰ ਤੇ ਰੋਮੀ ਨਾਗਰਿਕ ਹੋਣ ਕਰਕੇ ਪੌਲੁਸ ਨੂੰ ਜੰਗਲੀ ਜਾਨਵਰਾਂ ਨਾਲ ਲੜਨ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ ਸੀ। [8]ਰੋਮੀਆਂ ਦੇ ਨਾਂਅ ਕਿਤਾਬ ਲਿਖਣ ਵੇਲੇ ਪੌਲੁਸ ਕੁਰਿੰਥੁਸ ਅਤੇ ਅਫ਼ਸੁਸ ਸ਼ਹਿਰਾਂ ਵਿਚ ਅਕੂਲਾ ਅਤੇ ਪ੍ਰਿਸਕਿੱਲਾ ਨਾਲ ਕੰਮ ਕਰਦਾ ਸੀ। ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਕੁਰਿੰਥੁਸ ਵਿਚ ਅਕੂਲਾ ਅਤੇ ਪ੍ਰਿਸਕਿੱਲਾ ਨੂੰ ਆਪਣੀ ਜਾਨ ਜੋਖ਼ਮ ਵਿਚ ਪਾਉਣੀ ਪਈ ਹੋਵੇ, ਇਹ ਘਟਨਾ ਅਫ਼ਸੁਸ ਵਿਚ ਹੀ ਘਟੀ ਹੋ

ਸਕਦੀ ਹੈ। [9]ਕਈਆਂ ਦਾ ਮੰਨਣਾ ਹੈ ਕਿ ਰੰਗਸ਼ਲਾ ਵਿਚ ਭੀੜ ਦਾ ਨਜ਼ਾਰਾ (19:23-41) ਹੀ ਉਹ ਦ੍ਰਿਸ਼ ਹੈ ਜਿਸ ਨੂੰ ਪੌਲੁਸ ਨੇ ''ਦਰਿੰਦਿਆਂ ਨਾਲ ਲੜਨਾ'' ਕਿਹਾ, ਪਰ ਰੰਗਸ਼ਾਲਾ ਦੀਆਂ ਘਟਨਾਵਾਂ ਤੋਂ ਪਹਿਲਾਂ ਹੀ 1 ਕੁਰਿੰਥੀਆਂ ਕਰੀਬ-ਕਰੀਬ ਲਿਖੀ ਜਾ ਚੁੱਕੀ ਸੀ। ਇਹਦੇ ਇਲਾਵਾ ਦੰਗੇ ਦੌਰਾਨ ਪੌਲੁਸ ਰੰਗਸ਼ਾਲਾ ਵਿਚ ਨਹੀਂ ਗਿਆ (ਆਇਤਾਂ 30, 31), ਸੋ ਉਹ ਕਿਸੇ ਨਾਲ ''ਲੜਿਆ'' ਨਹੀਂ। ਇਹ ਬਹੁਤਾ ਸੰਭਵ ਲਗਦਾ ਹੈ ਕਿ ਕੋਈ ਹੋਰ ਘਟਨਾ ਸੀ ਜਿਸ ਬਾਰੇ ਲੂਕਾ ਨੇ ਦੱਸਿਆ ਨਹੀਂ। [10]''ਚਾਹੀਦਾ ਹੈ'' ਸ਼ਬਦ ਤੋਂ ਪਤਾ ਲਗਦਾ ਹੈ ਕਿ ਪੌਲੁਸ ਇਨ੍ਹਾਂ ਯੋਜਨਾਵਾਂ ਪ੍ਰਤੀ ਕਿੰਨਾ ਗੰਭੀਰ ਸੀ ਕਿਉਂਕਿ ਉਹਨੇ ਇਹਦਾ ਬਦਲ ਲੱਭਣ ਦੀ ਕੋਸ਼ਿਸ਼ ਨਹੀਂ ਕੀਤੀ।

[11]ਪੌਲੁਸ ਦੀ ਆਦਤ ਸੀ ਕਿ ਜਿਨ੍ਹਾਂ ਮੰਡਲੀਆਂ ਨੂੰ ਉਹਨੇ ਕਾਇਮ ਕੀਤਾ ਹੁੰਦਾ ਸੀ ਉਨ੍ਹਾਂ ਨੂੰ ਦੁਬਾਰਾ ਮਿਲਣ ਜ਼ਰੂਰ ਜਾਂਦਾ ਸੀ (14:22, 23; 15:36, 41; 18:23)। ਜਿੱਥੋਂ ਤਕ ਸਾਨੂੰ ਪਤਾ ਹੈ, ਅਜੇ ਤਕ ਕੁਰਿੰਥੁਸ ਨੂੰ ਛੱਡ ਉਹ ਦੂਜੀ ਮਿਸ਼ਨਰੀ ਯਾਤਰਾ ਦੌਰਾਨ ਕਾਇਮ ਹੋਈਆਂ ਕਲੀਸੀਆਵਾਂ ਨੂੰ ਮਿਲਣ ਨਹੀਂ ਗਿਆ ਸੀ। [12]''ਰਸੂਲਾਂ ਦੇ ਕੰਮ, ਭਾਗ 3'' ਵਿਚ ''ਖ਼ੁਦਾ ਦੀ ਬੁਲਾਹਟ ਦਾ ਜਵਾਬ ਦੇਣਾ'' ਪਾਠ ਵਿਚ 16:12 ਤੇ ਨੋਟਸ ਵੇਖੋ। [13]ਪੌਲੁਸ ਨੂੰ ਆਸ ਸੀ ਕਿ ਖ਼ੁਦਾ ਦੇ ਮਕਸਦਾਂ ਨੂੰ ਰੋਮ ਵਿਚ ਪੂਰਾ ਕਰਕੇ ਉਹ ਰੋਮੀ ਰਾਜ ਦੇ ਦੂਰ-ਦੁਰਾਡੇ ਦੇ ਪੱਛਮੀ ਇਲਾਕਿਆਂ ਅਰਥਾਤ ਸਪੇਨ ਵਿਚ ਜਾਵੇਗਾ (ਰੋਮੀਆਂ 15:22-24)। (ਰੋਮ ਜਾਣ ਦਾ ਪੌਲੁਸ ਕੋਲ ਇਕ ਹੋਰ ਕਾਰਣ ਸੀ ਕਿ ਉਹ ਉੱਥੋਂ ਦੇ ਮਸੀਹੀ ਲੋਕਾਂ ਨੂੰ ਮਜ਼ਬੂਤ ਕਰਨਾ ਚਾਹੁੰਦਾ ਸੀ [ਰੋਮੀਆਂ 1:11]।) [14]ਇਹ ਵੀ ਸੰਭਵ ਹੈ ਕਿ ਦੂਤਾਂ ਦਾ ਆਉਣਾ ''ਚਿੱਠੀ ਪਹੁੰਚਾਉਣਾ ਅਤੇ ''ਕਲੋਏ ਦੇ ਘਰਾਣਿਆਂ'' ਤੋਂ ਪਤਾ ਲਗਣਾ ਤਿੰਨ ਵੱਖੋ-ਵੱਖ ਘਟਨਾਵਾਂ ਹੋਣ। ਸਭ ਤੋਂ ਸੌਖਾ ਦ੍ਰਿਸ਼ ਇਹ ਹੈ ਕਿ ਕਲੋਏ (ਉਹ ਜੋ ਵੀ ਸੀ) ਨੇ ਦੂਤ ਭੇਜੇ ਜੋ ਕਲੀਸੀਆ ਤੋਂ ਚਿੱਠੀ ਲੈ ਕੇ ਆਏ। [15]ਅਸੀਂ ਕੁਰਿੰਥੁਸ ਦੇ ਸਿਨਾਗੋਗ ਦੇ ਹਾਕਮ ਸੋਸਥਨੇਸ ਬਾਰੇ ਪੜ੍ਹਦੇ ਹਾਂ (18:17)। ਇਨ੍ਹਾਂ ਦੋਹਾਂ ਸੋਸਥਨੇਸਾਂ ਵਿਚ ਕੋਈ ਰਿਸ਼ਤਾ ਹੈ ਸੀ ਜਾਂ ਨਹੀਂ, ਸਾਨੂੰ ਨਹੀਂ ਪਤਾ। [16]1 ਕੁਰਿੰਥੀਆਂ 16:21 ਤੋਂ ਸੰਕੇਤ ਮਿਲਦਾ ਹੈ ਕਿ ਪੌਲੁਸ ਨੇ ਚਿੱਠੀ ਦਾ ਬਹੁਤਾ ਹਿੱਸਾ ਆਪਣੇ ਹੱਥੀਂ ਨਹੀਂ ਲਿਖਿਆ। ਪੌਲੁਸ ਵੱਲੋਂ ਚਿੱਠੀ ਦੇ ਸ਼ੁਰੂ ਵਿਚ ਸਾਥੀ ਲੇਖਕ ਦਾ ਨਾਂਅ ਪਾਉਣ (ਉਦਾਹਰਣ ਲਈ 1 ਕੁਰਿੰਥੀਆਂ 1:1, 2) ਨਾਲ ਆਮ ਤੌਰ ਤੇ ਇਹ ਸੰਕੇਤ ਮਿਲਦਾ ਹੈ ਕਿ ਉਹਨੇ ਉਸ ਤੋਂ ਬੋਲ ਕੇ ਲਿਖਵਾਇਆ। [17]ਹੋ ਸਕਦਾ ਹੈ ਕਿ ਅਰਿਸਤੁਸ ਕੁਰਿੰਥੁਸ ''ਸ਼ਹਿਰ ਦਾ ਖ਼ਜ਼ਾਨਚੀ'' ਹੋਵੇ (2 ਤਿਮੋਥਿਉਸ 4:20)। ਜੇ ਇਹ ਗੱਲ ਸੀ ਤਾਂ ਇਸ ਤੋਂ ਸਾਫ਼ ਹੋ ਜਾਵੇਗਾ ਕਿ ਪੌਲੁਸ ਨੇ ਕੁਰਿੰਥੁਸ ਦੇ ਮਸੀਹੀ ਲੋਕਾਂ ਨੂੰ ਕਿਉਂ ਨਹੀਂ ਦੱਸਿਆ ਕਿ ਉਹਨੇ ਅਰਿਸਤੁਸ ਨੂੰ ਭੇਜ ਦਿੱਤਾ ਸੀ, ਯਾਨੀ ਉਹ ''ਘਰ ਚਲਾ ਗਿਆ ਸੀ। [18]ਹੋ ਸਕਦਾ ਹੈ ਕਿ ਉਨ੍ਹਾਂ ਨੇ ਪੌਲੁਸ ਦੇ ਜਾਣ ਅਤੇ ਯਰੂਸ਼ਲਮ ਲਈ ਚੰਦਾ ਇਕੱਠਾ ਕਰਨ ਦੇ ਕੰਮ ਲਈ ਤਿਆਰੀ ਕਰਨੀ ਹੋਵੇ। [19]ਘਟਨਾਵਾਂ ਹੋਰ ਵੀ ਹੋਈਆਂ ਹੋ ਸਕਦੀਆਂ ਹਨ। ਉਦਾਹਰਣ ਲਈ ਪੌਲੁਸ ਨੇ ਤਿਮੋਥਿਉਸ ਨੂੰ ਚਿੱਠੀ ਲਿਖ ਕੇ ਕੁਰਿੰਥੁਸ ਵਿਚ ਮੁੜ ਆਉਣ ਲਈ ਕਿਹਾ ਹੋ ਸਕਦਾ ਹੈ। ਫਿਰ ਪੌਲੁਸ ਨੇ ਤਿਮੋਥਿਉਸ ਨੂੰ ਸ਼ੁਰੂ ਕੀਤੇ ਕੰਮ ਨੂੰ ਵੇਖਣ ਲਈ ਭੇਜਿਆ ਹੋ ਸਕਦਾ ਹੈ ਅਤੇ ਬਾਅਦ ਵਿਚ ਤਿਮੋਥਿਉਸ ਅਤੇ ਇਰਸਤੁਸ ਨੂੰ ਮਕਦੂਨੀਆ ਵਿਚ ਵੱਖੋ-ਵੱਖ ਭੇਜਿਆ ਹੋ ਸਕਦਾ ਹੈ। (ਜਿਵੇਂ ਪਹਿਲਾਂ ਕਿਹਾ ਗਿਆ ਹੈ, ਲੂਕਾ ਨੇ ਕਿਸੇ ਕਾਰਣ ਰਸੂਲਾਂ ਦੇ ਕੰਮ ਕਿਤਾਬ ਵਿਚ ਤੀਤੁਸ ਦਾ ਬਿਲਕੁਲ ਜ਼ਿਕਰ ਨਹੀਂ ਕੀਤਾ। ਸਾਨੂੰ ਉਹਦੇ ਕੰਮਾਂ ਬਾਰੇ ਹੋਰ ਵਸੀਲਿਆਂ ਤੋਂ ਪਤਾ ਲਾਉਣਾ ਪਵੇਗਾ।) [20]ਪੌਲੁਸ ਨੇ ਅਫ਼ਸੁਸ ਤੋਂ ਜਾਣ ਦਾ ਫ਼ੈਸਲਾ ਪਹਿਲਾਂ ਹੀ ਲੈ ਲਿਆ ਸੀ, ਪਰ ਉਹਨੇ ਜਾਣ ਤੋਂ ਪਹਿਲਾਂ ਕੁਰਿੰਥੀਆਂ ਬਾਰੇ ਤੀਤੁਸ ਤੋਂ ਸੁਣਨ ਦੀ ਰੁਕਣ ਦੀ ਯੋਜਨਾ ਬਣਾਈ ਹੋਵੇਗੀ (2 ਕੁਰਿੰਥੀਆਂ 2:12, 13)। ਫ਼ਸਾਦ ਕਰਕੇ ਉਹਦੇ ਲਈ ਫ਼ੌਰਨ ਜਾਣਾ ਜ਼ਰੂਰੀ ਹੋ ਗਿਆ ਸੀ।

[21]ਕਈ ਲੋਕਾਂ ਦਾ ਅੰਦਾਜ਼ਾ ਹੈ ਕਿ ਇਹ ਗੜਬੜ ਅਰਤਿਮਿਸ ਦੇ ਸਲਾਨਾ ਪਰਬ ਦੌਰਾਨ ਹੋਈ, ਜੋ ਪੈਂਟੀਕਾਸਟ ਦੇ ਨਾਲ ਹੀ ਹੁੰਦਾ ਸੀ (ਵੇਖੋ 1 ਕੁਰਿੰਥੀਆਂ 16:8, 9)। [22]ਮਸੀਹੀਅਤ ਲਈ ''ਪਥ'' (ਅੰਗ੍ਰੇਜ਼ੀ ਅਨੁਵਾਦ) ਲੂਕਾ ਦਾ ਪਸੰਦੀਦਾ ਸ਼ਬਦ ਸੀ (9:2; 19:9, 23; 22:4; 24;14, 22)। [23]3 ਯੂਹੰਨਾ 12 ਵਿਚ ਇਕ ਹੋਰ ਦੇਮੇਤ੍ਰਿਉਸ ਦਾ ਜ਼ਿਕਰ ਹੈ; ਲਗਦਾ ਨਹੀਂ ਕਿ ਇਹ ਦੋਵੇਂ ਇੱਕੋ ਹੋਣ। [24]ਅਰਤਿਮਿਸ ਦੇ ਚਾਂਦੀ ਦੇ ਮੰਦਿਰ ਤਾਂ ਨਹੀਂ ਮਿਲੇ ਪਰ ਪੱਕੀ ਮਿੱਟੀ ਦੇ ਮੰਦਿਰ ਜਰੂਰ ਮਿਲੇ ਹਨ। ਮੈਂ ਕਲਪਨਾ ਕਰਦਾ ਹਾਂ ਕਿ ਚਾਂਦੀ ਦ ਮੰਦਿਰ ਪਿਘਲ ਗਏ ਅਤੇ ਜਦ ਅਰਤਿਮਿਸ ਦੀ ਪੂਜਾ ਕਰਨੀ ਬੰਦ ਕਰ ਦਿੱਤੀ ਗਈ ਤਾਂ ਲੋਕ ਚਾਂਦੀ ਲਾਹ ਕੇ ਲਮੰਦਿਰ ਦੇ ਖੰਡਰ ਵੇਖੇ ਹਨ। [26]ਇਹ ਵੀ ਹੋ ਸਕਦਾ ਹੈ ਕਿ ਕਿਸੇ ਸਿਰਜਣਸ਼ੀਲ ਕਲਾਕਾਰ ਨੇ ਸਮਰੂਪਤਾ ਨੂੰ ਹੋਰ ਵਧਾਉਣ ਲਈ ਕੰਮ ਕੀਤਾ ਹੋਵੇ। [27]ਇਹ ਪਾਰਥਿਨੋਨ ਤੋਂ ਚਾਰ ਗੁਣਾ ਵੱਡਾ ਸੀ। [28]ਕਿਸੇ ਅਜਿਹੀ ਯਾਦਗਾਰ ਬਾਰੇ ਦੱਸਿਆ ਜਾ ਸਕਦਾ ਹੈ ਜਿਸ ਤੋਂ ਸੁਣਨ ਵਾਲੇ ਵਾਕਫ਼ ਹੋਣ। [29]ਇਹ ਅਸੀਆ ਮਹਾਦੀਪ ਨਹੀਂ ਸਗੋਂ ਏਸ਼ੀਆ ਦਾ ਰੋਮੀ ਇਲਾਕਾ ਸੀ। [30]ਦੇਮੇਤ੍ਰਿਉਸ ਦੀ ਘਬਰਾਹਟ ਨੂੰ ਵਿਖਾਉਣ ਲਈ ਕੋਈ ਸਥਾਨਕ ਉਦਾਹਰਣ ਦਿੱਤੀ ਜਾ

ਸਕਦੀ ਹੈ। ਅਮਰੀਕਾ ਅਤੇ ਹੋਰ ਦੇਸ਼ਾਂ ਵਿਚ ਜਿੱਥੇ ਬਹੁਤੇ ਵਪਾਰੀ ਸਾਲ ਭਰ ਦੇ ਨਫ਼ੇ ਲਈ ਵੱਡੇ ਦਿਨ (ਕ੍ਰਿਸਮਸ) ਦੀ ਖਰੀਦਦਾਰੀ ਤੇ ਨਿਰਭਰ ਰਹਿੰਦੇ ਹਨ, ਤੁਸੀਂ ਕਲਪਨਾ ਕਰ ਸਕਦੇ ਹੋ ਕਿ ਜੇ ਲੋਕ ਕ੍ਰਿਸਮਸ ਮਨਾਉਣਾ ਬੰਦ ਕਰ ਦੇਣ ਤਾਂ ਉਨ੍ਹਾਂ ਦੀ ਪ੍ਰਤੀਕ੍ਰਿਆ ਕੀ ਹੋਵੇਗੀ।

[31]ਛੋਟਾ ਪਲਾਇਨੀ (ਲਗਭਗ 61-112 ਈਸਵੀ) ਇਕ ਰੋਮੀ ਹਾਕਮ ਸੀ ਜਿਹਨੇ ਸੌ ਈਸਵੀ ਵਿਚ ਰੋਮੀ ਅਧਿਕਾਰੀ ਦੇ ਤੌਰ ਤੇ ਕੰਮ ਕੀਤਾ। ਬਾਅਦ ਵਿਚ ਬਿਤੂਨੀਆ ਦੇ ਰਾਜਪਾਲ ਦੇ ਤੌਰ ਤੇ ਉਹਨੇ ਰਾਜ ਦੇ ਅੰਦਰ ਮਸੀਹੀ ਲੋਕਾਂ ਨਾਲ ਕੀਤੇ ਜਾਣ ਵਾਲੇ ਸਲੂਕ ਵਰਗੇ ਸਵਾਲਾਂ ਤੇ ਟਰਾਜਨ ਰਾਜੇ ਨਾਲ ਚਿੱਠੀ ਪੱਤਰ ਕੀਤਾ। [32]ਅਸੀਂ ਪੱਕਾ ਨਹੀਂ ਕਹਿ ਸਕਦੇ ਕਿ ''ਮਕਦੂਨੀਆ ਤੋਂ'' ਇਹ ਗਾਯੁਸ ਕੌਣ ਸੀ। ਕਿਉਂਕਿ ਨਵੇਂ ਨੇਮ ਵਿਚ ਕਈ ਗਾਯੁਸਾਂ ਦਾ ਜ਼ਿਕਰ ਹੈ (ਰਸੂਲਾਂ ਦੇ ਕੰਮ 20:4; ਰੋਮੀਆਂ 16:23; 1 ਕੁਰਿੰਥੀਆਂ 1:14; 3 ਯੂਹੰਨਾ 1)। ਕਈਆਂ ਦਾ ਮੰਨਣਾ ਹੈ ਕਿ 19:29 ਵਿਚ ਰਸੂਲਾਂ ਦੇ ਕੰਮ 20:4 ਵਾਲਾ ਗਾਯੁਸ ਹੀ ਹੈ। ਵੈਸਟਰਨ ਟੈਕਸਟ ਵਿਚ ਸੰਕੇਤ ਹੈ ਕਿ ਰਸੂਲਾਂ ਦੇ ਕੰਮ 20:4 ਵਾਲਾ ਗਾਯੁਸ ਦਰਬੇ ਦੀ ਬਜਾਏ ਦੋਬਿਰੁਸ (ਮਕਦੂਨੀਆ ਦਾ ਇਕ ਸ਼ਹਿਰ) ਦਾ ਵਾਸੀ ਸੀ। [33]ਅਰਿਸਤਰਖੁਸ ਮਕਦੂਨੀਆ ਦੀ ਰਾਜਧਾਨੀ ਥੱਸਲੁਨੀਕੇ ਦਾ ਰਹਿਣ ਵਾਲਾ ਸੀ (ਰਸੂਲਾਂ ਦੇ ਕੰਮ 20:4)। ਉਹ ਪੌਲੁਸ ਨਾਲ ਯਰੂਸ਼ਲਮ ਵਿਚ ਅਤੇ ਰੋਮ ਵਿਚ ਗਿਆ (ਰਸੂਲਾਂ ਦੇ ਕੰਮ 27:2)। ਰੋਮ ਤੋਂ ਲਿਖਦਿਆਂ ਪੌਲੁਸ ਨੇ ਅਰਿਸਤਰਖੁਸ ਨੂੰ ਆਪਣੇ ''ਨਾਲ ਕੈਦੀ'' ਦੱਸਿਆ (ਕੁਲੁੱਸੀਆਂ 4:10; ਫ਼ਿਲੇਮੋਨ 24 ਵੀ ਵੇਖੋ)। [34]ਪਤਾ ਨਹੀਂ ਕਿ 19:29 ਦੇ ਹਵਾਲੇ ਤੋਂ ਪਹਿਲਾਂ ਇਹ ਦੋਵੇਂ ''ਪੌਲੁਸ ਦੇ ਹਮਸਫ਼ਰ'' ਕਦੋਂ, ਕਿੱਥੇ ਜਾਂ ਕਿਉਂ ਬਣੇ। [35]ਅਮਰੀਕਾ ਵਿਚ, ਜੋੜਿਆ ਜਾ ਸਕਦਾ ਹੈ ਕਿ ਬੀਮਾ ਵੇਚਣ ਵਾਲੇ ਨੇ ਉਨ੍ਹਾਂ ਨੂੰ ''ਕਮਜ਼ੋਰ ਜੋਖ਼ਿਮ'' ਕਿਹਾ ਹੋਵੇਗਾ। [36]ਕਿਤੇ ਹੋਰ ਇਸ ਦਾ ਅਰਥ ਭੀੜ ਲਈ ਵਰਤਿਆ ਗਿਆ ਹੈ (ਇਸ ਕਿਤਾਬ ਵਿਚ ਪਹਿਲਾਂ ਆਏ 17:5 ਤੇ ਨੋਟਸ ਵੇਖੋ)। [37]ਪੁਰਾਤੱਤਵ-ਵਿਗਿਆਨੀਆਂ ਨੇ ਤਸਦੀਕ ਕੀਤੀ ਹੈ ਕਿ ਲੂਕਾ ਨੇ ਸਹੀ ਸ਼ਬਦ ਦੀ ਵਰਤੋਂ ਕੀਤੀ। [38]ਇਹ ਗੱਲ ਕਿ ਉੱਚ ਅਧਿਕਾਰੀ ਮਸੀਹੀਅਤ ਨਾਲ ਹਮਦਰਦੀ ਰੱਖਦੇ ਸਨ ਲੂਕਾ ਵੱਲੋਂ ਦਿੱਤਾ ਗਿਆ ਹੋਰ ਸਬੂਤ ਹੈ ਕਿ ਮਸੀਹੀਅਤ ਸਮਾਜ ਲਈ ਕੋਈ ਖ਼ਤਰਾ ਨਹੀਂ ਸੀ। [39]ਇਸ ਆਇਤ ਵਿਚ, ''ਜਮਾਤ'' ਸ਼ਬਦ *ਇੱਕਲੇਸੀਆ* ਦਾ ਅਨੁਵਾਦ ਹੈ, ਜਿਹਦਾ ਆਮ ਤੌਰ ਤੇ ਅਨੁਵਾਦ ''ਕਲੀਸੀਆ'' ਲਈ ਹੁੰਦਾ ਹੈ। 32, 39 ਅਤੇ 41 ਆਇਤਾਂ ਵਿਚ *ਇੱਕਲੇਸੀਆ* ਦੀ ਵਰਤੋਂ ਜਮਾਤ ਦੇ ਗੈਰ ਧਾਰਮਿਕ ਅਰਥ ਵਿਚ ਕੀਤੀ ਗਈ ਹੈ। *ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 1'' ਦੀ ਅਰਥਾਵਲੀ ਵਿਚ ਵੇਖੋ ''ਕਲੀਸੀਆ।'' [40]ਨਵੇਂ ਨੇਮ ਦੀ ਮਸੀਹੀਅਤ ਦਾ ਬਹੁਤਾ ਵਿਰੋਧ ਅਗਿਆਨਤਾ ਕਰਕੇ ਹੀ ਹੈ।

[41]ਇਹ ਮੰਨਦਿਆਂ ਕਿ 2 ਤਿਮੋਥਿਉਸ 4:14 ਵਿਚ 1 ਤਿਮੋਥਿਉਸ 1:20 ਵਾਲਾ ਸਿਕੰਦਰ ਹੀ ਹੈ, ਜਿਸ ਸਿਕੰਦਰ ਦੀ ਪੌਲੁਸ ਨੇ ਗੱਲ ਕੀਤੀ ਉਹ ਮਸੀਹੀ ਬਣ ਚੁੱਕਾ ਸੀ, ਪਰ ਫੇਰ ਡਿੱਗ ਪਿਆ। ਪੌਲੁਸ ਦੇ 1 ਤਿਮੋਥਿਉਸ (1:3) ਲਿਖਣ ਵੇਲੇ ਤਿਮੋਥਿਉਸ ਅਫ਼ਸੁਸ ਵਿਚ ਨਹੀਂ ਸੀ, ਇਹ ਸਿਕੰਦਰ ਅਫ਼ਸੁਸ ਦਾ ਰਹਿਣ ਵਾਲਾ ਹੋ ਸਕਦਾ ਹੈ। ਇਹ ਗੱਲ ਕਿ ਲੂਕਾ ਵੱਲੋਂ ਨਾਂਅ ਲੈ ਕੇ ਉਹਦੇ ਜ਼ਿਕਰ ਨਾਲ ਸੰਕੇਤ ਮਿਲ ਸਕਦਾ ਹੈ ਕਿ ਪਾਠਕਾਂ ਨੂੰ ਪਤਾ ਹੋਵੇਗਾ ਕਿ ਉਹ ਕੌਣ ਸੀ। [42]ਜ਼ਾਹਿਰ ਹੈ ਕਿ ਬੁੱਤਪ੍ਰਸਤੀ ਦੇ ਸਬੰਧ ਵਿਚ ਅਫ਼ਸੁਸ ਦੇ ਯਹੂਦੀਆਂ ਦੀ ਨੀਤੀ ''ਜੀਓ ਅਤੇ ਜੀਣ ਦਿਓ'' ਵਾਲੀ ਸੀ ਜਿਸ ਨੂੰ ਖ਼ੁਦਾ ਨੇ ਕਦੇ ਮੰਜ਼ੂਰੀ ਨਹੀਂ ਦਿੱਤੀ ਸੀ। [43]ਜੋਸੇਫ਼ਸ ਮੁਤਾਬਕ, ਅਫ਼ਸੁਸ ਦੇ ਯਹੂਦੀਆਂ ਨੂੰ ਤੁੱਛ ਮੰਨਦੇ ਸਨ। ਉਨ੍ਹਾਂ ਨੇ ਸਿਕੰਦਰ ਅਤੇ ਉਹਦੇ ਲਿਬਾਸ ਅਤੇ/ਜਾਂ ਕੱਪੜਿਆਂ ਤੋਂ ਪਛਾਣ ਲਿਆ ਹੋਵੇਗਾ ਕਿ ਉਹ ਯਹੂਦੀ ਹੈ। [44]ਮੈਂ ਮੰਨ ਲੈਂਦਾ ਹਾਂ ਕਿ ਅਫ਼ਸੁਸ ਵਿਚ ਜਿਸ ਮੁਸਾਫ਼ਰ ਟੋਲੀ ਨਾਲ ਮੈਂ ਸਾਂ ਉਹਦਾ ਗਾਈਡ ਸਹੀ ਥਾਂਵਾਂ ਬਾਰੇ ਦੱਸ ਰਿਹਾ ਸੀ। [45]ਇਕ ਵਾਰ ਫੇਰ ਪੁਰਾਤੱਤਵ-ਵਿਗਿਆਨੀ ਤਸਦੀਕ ਕਰਦੇ ਹਨ ਕਿ ਲੂਕਾ ਨੇ ਬਿਲਕੁਲ ਸਹੀ ਸ਼ਬਦ ਵਰਤਿਆ। [46]''ਮੂਰਤ ਦਾ ਸੇਵਕ'' ਉਸ ਯੂਨਾਨੀ ਸ਼ਬਦ ਦਾ ਅਨੁਵਾਦ ਹੈ ਜਿਸ ਦਾ ਅਰਥ ''ਮੰਦਰ ਦੀ ਸਫ਼ਾਈ ਕਰਨ ਵਾਲਾ'' (ਭਾਵ, ਜੋ ਮੰਦਰ ਦੀ ਸੰਭਾਲ ਕਰਦਾ ਹੈ) ਹੈ। ਸ਼ਹਿਰਾਂ ਵਿਚ ''ਮੰਦਿਰ ਦੀ ਸੰਭਾਲ ਕਰਨ ਵਾਲੇ'' ਲੋਕ ਰੱਖਣ ਵਿਚ ਮੁਕਾਬਲਾ ਹੁੰਦਾ ਸੀ। [47]ਇਹ ਸਥਾਨਕ ਸਭਾ ਨੂੰ ਕਿਹਾ ਹੋ ਸਕਦਾ ਹੈ ਜੋ ਲਗਾਤਾਰ ਇੱਕਠੀ ਹੁੰਦੀ ਸੀ। [48]ਇਹ ਖੇਤਰੀ ਅਧਿਕਾਰੀ ਨੂੰ ਕਿਹਾ ਗਿਆ ਹੈ। ਪੂਰੇ ਏਸ਼ੀਆ ਉੱਤੇ ਆਮ ਤੌਰ ਤੇ ਇੱਕੋ ਹਾਕਮ ਹੁੰਦਾ ਸੀ, ਇਸ ਲਈ ਇਸ ਸ਼ਬਦ ਦਾ ਬਹੁਵਚਨ ਰੂਪ ਭੇਤ ਭਰਿਆ ਹੈ। ਸ਼ਾਇਦ ਇਸ ਸ਼ਬਦ ਦੀ ਵਰਤੋਂ ਖੇਤਰੀ ਅਧਿਕਾਰੀਆਂ ਲਈ ਵਧੇਰੇ ਆਮ ਅਰਥਾਂ ਵਿਚ ਕੀਤੀ ਗਈ ਹੈ। ਕਈ ਲੋਕਾਂ ਦਾ ਮੰਨਣਾ ਹੈ ਕਿ ਇਹ ਗੜਬੜ ਵਾਲੇ ਸਮੇਂ ਦੀ ਗੱਲ ਹੈ ਜਦ ਕਿਸੇ ਇਲਾਕੇ ਉੱਤੇ ਇਕ ਤੋਂ ਵੱਧ ਲੋਕ ਹਾਕਮ ਹੋਣ ਦਾ ਦਾਅਵਾ ਕਰਦੇ ਸਨ। [49]ਇਹ ''ਕਾਨੂੰਨੀ ਮਜਲਸ'' ''ਸ਼ਹਿਰ ਦੇ ਲੋਕਾਂ ਦੇ ਲਗਾਤਾਰ ਮਿਲਣ'' ਨੂੰ ਕਿਹਾ ਗਿਆ ਹੈ (NCV)। [50]ਇਸ ਵਾਕ ਵਿਚ ਮੈਂ ਇਹ ਮੰਨ ਰਿਹਾ ਹਾਂ ਕਿ ਦੋਵੇਂ ਗਾਯੁਸ ਇੱਕੋ ਹਨ, ਭਾਵੇਂ ਲੂਕਾ ਨੇ ਉਨ੍ਹਾਂ ਨੂੰ ਵੱਖੋ ਵੱਖ ਥਾਵਾਂ ਤੋਂ ਦੱਸਿਆ।


© 2009 Truth for Today